ਰੋਜ਼ਾਨਾ ਪੰਜਾਬੀ ਅਖ਼ਬਾਰ
'ਲੋਕ ਬਾਣੀ'
ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਾਓ। ਆਪਣੇ ਨਜ਼ਦੀਕੀ ਸਟਾਲ ਅਤੇ ਹਾਕਰ ਤੋਂ ਪ੍ਰਾਪਤ ਕਰੋ ਅਤੇ ਕਿਸੇ ਕਿਸਮ ਦੀ ਪ੍ਰੇਸ਼ਾਨੀ ਲਈ ਹੇਠ ਲਿਖੇ ਨੰਬਰ 'ਤੇ ਸੰਪਰਕ ਕਰੋ।
0181-2211009

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com
ਬੁੱਧਵਾਰ, 15 ਦਸੰਬਰ 2021
ਮੁੱਖ ਸੰਪਾਦਕ - ਅਮਨ ਮਹਿਰਾ
(ਜਲੰਧਰ)



ਇਸ਼ਤਿਹਾਰ ਲਵਾਓ ਵਪਾਰ ਵਧਾਓ
ਰੋਜਾਨਾ ਲੋਕ ਬਾਣੀ
ਅਖਬਾਰ ਵਿਚ ਸੰਪਰਕ ਕਰੋ
0181-2211009
Newslokbani@gmail.com

R.N.I. Punpun/29016/2008 ✫ ਸਾਲ : 14 ✫ ਅੰਕ : 312 ✫ ਮੁੱਲ : 2.00 ਰੁਪਏ ✫ ਕੁੱਲ ਪੇਜ਼ : 10 ✫ ਫੈਕਸ : 0181-2211009 ✫ M. 99155-94111

## ਓਮੀਕਰੋਨ ਦੇ ਵੱਧਦੇ ਮਾਮਲਿਆਂ ਵਿਚਾਲੇ ਘੱਟ ਰਿਹਾ ਸਾਮਾਜਿਕ ਦੂਰੀ ਦਾ ਪਾਲਣ

**ਮੁੰਬਈ/ਲੋਕ ਬਾਣੀ**

ਦੇਸ 'ਚ ਪਿਛਲੇ 10 ਦਿਨਾਂ 'ਚ ਕੋਰੋਨਾ ਵਾਇਰਸ ਦੇ ਨਵੇਂ ਰੂਪ ਓਮਿਕਰੋਨ ਦੇ 50 ਤੋਂ ਜ਼ਿਆਦਾ ਮਾਮਲੇ ਸਾਹਮਣੇ ਆਏ ਹਨ। ਇਸ ਦੇ ਬਾਵਜੂਦ ਭਾਰਤ ਵਿੱਚ 'ਸੋਸ਼ਲ ਵੈਕਸੀਨ' ਦੇ ਰੂਪ ਵਿੱਚ ਸਾਮਾਜਿਕ ਦੂਰੀ ਦੀ ਪਾਲਣਾ ਦੀ ਘਾਟ ਹੈ। ਲੋਕਲ ਸਰਕਿਲਸ ਦੇ ਇੱਕ ਸਰਵੇ ਵਿੱਚ ਇਹ ਸਿੱਟਾ ਕੱਢਿਆ ਗਿਆ ਹੈ। ਲੋਕਲ ਸਰਕਿਲਸ ਨੇ ਇਹ ਸਰਵੇ ਇਸ ਗੱਲ ਦਾ ਪਤਾ ਲਗਾਉਣ ਲਈ ਕੀਤਾ ਸੀ ਕਿ ਕੀ ਓਮੀਕਰੋਨ ਤੋਂ ਬਾਅਦ ਲੋਕ ਜਾਗਰੁਕ ਹੋਏ ਹਨ। ਇਸ ਸਰਵੇ ਦੇ ਨਤੀਜੇ ਕਹਿੰਦੇ ਹਨ ਕਿ ਦੇਸ਼ ਵਿੱਚ ਟੀਕਾ ਲਗਵਾਉ ਚੁੱਕੇ ਲੋਕਾਂ ਦੀ ਗਿਣਤੀ ਤੇਜੀ ਨਾਲ ਵੱਧ ਰਹੀ ਹੈ ਅਤੇ ਰੋਜਾਨਾ ਆਉਣ ਵਾਲੇ ਇਨਫੈਕਸ਼ਨ ਦੇ ਮਾਮਲੇ 10,000 ਤੋਂ ਹੇਠਾਂ ਆ ਗਏ ਹਨ। ਅਜਿਹੀ ਹਾਲਤ ਵਿੱਚ ਲੋਕ ਸਾਮਾਜਿਕ ਦੂਰੀ ਨੂੰ ਲੈ ਕੇ ਕੋਤਾਹੀ ਬਰਤਣ ਲੱਗੇ ਹਨ। ਇਸ ਦੇ ਉਲਟ ਮਹਾਮਾਰੀ ਤੋਂ ਬਚਾਅ ਦਾ ਇੱਕਮਾਤਰ ਅਤੇ ਪੱਕਾ ਉਪਾਅ ਮਾਸਕ ਪਹਿਨਣ ਅਤੇ ਸਾਮਾਜਿਕ ਦੂਰੀ ਦਾ ਪਾਲਣ ਕਰਨਾ ਹੀ ਹੈ। ਦੁਨੀਆ ਭਰ ਦੇ ਵਿਗਿਆਨੀਆਂ ਅਤੇ ਮਹਾਮਾਰੀ ਨਾਲ ਜੁੜੇ ਵਿਸ਼ੇਸ਼ਗਿਆਵਾਂ ਨੇ ਓਮੀਕਰੋਨ ਨੂੰ ਲੈ ਕੇ ਚਿੰਤਾ ਜਤਾਈ ਹੈ। ਵਿਸ਼ਵ ਸਿਹਤ ਸੰਗਠਨ (ਡਬਲਿਯੂ.ਐੱਚ.ਓ.) ਨੇ ਇਸ ਨੂੰ ਚਿੰਤਾ ਵਾਲਾ ਸਵਰੂਪ ਦੱਸਿਆ ਹੈ। ਕੁੱਝ ਹੀ ਹਫ਼ਤੇ ਵਿੱਚ ਦੁਨੀਆ ਦੇ 60 ਤੋਂ ਜਿਆਦਾ ਦੇਸ਼ਾਂ ਵਿੱਚ ਓਮੀਕਰੋਨ ਦੇ ਮਾਮਲੇ ਆ ਚੁੱਕੇ ਹਨ। ਲੋਕਲ ਸਰਕਿਲਸ ਦੇ ਇਸ ਸਰਵੇ ਵਿੱਚ ਦੇਸ਼ ਭਰ ਦੇ 303 ਜਿਲ੍ਹਿਆਂ ਦੇ 25,000 ਤੋਂ ਜਿਆਦਾ ਲੋਕਾਂ ਦੀ ਰਾਏ ਲਈ ਗਈ। ਸਰਵੇਖਣ ਵਿੱਚ ਲੋਕਾਂ ਤੋਂ ਇਹ ਪੁੱਛਿਆ ਗਿਆ ਕਿ ਉਨ੍ਹਾਂ ਦੇ ਸ਼ਹਿਰ/ਜਿਲ੍ਹੇ/ਖੇਤਰ ਦੇ ਲੋਕ ਹੁਣ ਸਾਮਾਜਿਕ ਦੂਰੀ ਦੇ ਨਿਯਮਾਂ ਦੀ ਪਾਲਣਾ ਕਿਵੇਂ ਕਰ ਰਹੇ ਹਨ। ਇਸਦੇ ਜਵਾਬ ਵਿੱਚ 83 ਫ਼ੀਸਦੀ ਲੋਕਾਂ ਨੇ ਕਿਹਾ ਕਿ ਉਨ੍ਹਾਂ ਦੇ ਖੇਤਰ ਵਿੱਚ ਸਾਮਾਜਿਕ ਦੂਰੀ ਦਾ ਪਾਲਣ ਹੁਣ ਨਾ-ਮਾਤਰ ਜਾਂ ਜੀਰੋ ਹੈ।






## ਸੰਸਦ ਵਿਚ ਹੋਇਆ ਈਡੀ ਤੇ ਸੀਬੀਆਈ ਦੇ ਮੁਖੀਆਂ ਦੇ ਕਾਰਜਕਾਲ ਵਿੱਚ 5 ਸਾਲ ਦੇ ਵਾਧੇ ਵਾਲਾ ਬਿੱਲ ਪਾਸ

**ਨਵੀਂ ਦਿੱਲੀ/ਕਪੂਰ**

ਸੰਸਦ ਨੇ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਦੇ ਡਾਇਰੈਕਟਰ ਦਾ ਕਾਰਜਕਾਲ ਮੌਜੂਦਾ ਦੋ ਸਾਲਾਂ ਤੋਂ ਵੱਧ ਤੋਂ ਵੱਧ ਪੰਜ ਸਾਲ ਕਰਨ ਲਈ ਬਿੱਲ ਪਾਸ ਕੀਤਾ ਹੈ। ਪਰਸੋਨਲ ਰਾਜ ਮੰਤਰੀ ਜਤਿੰਦਰ ਸਿੰਘ ਨੇ 12 ਮੈਂਬਰਾਂ ਦੀ ਮੁਅੱਤਲੀ 'ਤੇ ਵਿਰੋਧੀ ਧਿਰ ਦੇ ਵਾਕਆਊਟ ਦੌਰਾਨ 'ਦਿ ਦਿੱਲੀ ਵਿਸ਼ੇਸ਼ ਪੁਲੀਸ ਸਥਾਪਨਾ (ਸੋਧ) ਬਿੱਲ, 2021' ਨੂੰ ਰਾਜ ਸਭਾ ਵਿੱਚ ਪੇਸ ਕੀਤਾ। ਇਸ ਬਿੱਲ ਨੂੰ ਬਾਅਦ ਵਿੱਚ ਉੱਚ ਸਦਨ ਵਿੱਚ ਜਬਾਨੀ ਵੋਟ ਨਾਲ ਪਾਸ ਕਰ ਦਿੱਤਾ ਗਿਆ। ਲੋਕ ਸਭਾ ਪਹਿਲਾਂ ਹੀ 3 ਦਸੰਬਰ, 2021 ਨੂੰ ਬਿੱਲ ਨੂੰ ਮਨਜੂਰੀ ਦੇ ਚੁੱਕੀ ਹੈ। ਇਸ ਦੌਰਾਨ ਸੰਸਦ ਨੇ ਐਨਫੋਰਸਮੈਂਟ ਡਾਇਰੈਕਟੋਰੇਟ ਦੇ ਮੁਖੀ ਦੇ ਅਹੁਦੇ ਦੀ ਮਿਆਦ ਪੰਜ ਸਾਲ ਤੱਕ ਵਧਉਣ ਸਬੰਧੀ ਕੇਂਦਰੀ ਵਿਜੀਲੈਂਸ ਕਮਿਸਨ (ਸੋਧ) ਬਿੱਲ, 2021 ਨੂੰ ਪਾਸ ਕਰ ਦਿੱਤਾ। ਲੋਕ ਸਭਾ ਨੇ 9 ਦਸੰਬਰ ਨੂੰ ਪਾਸ ਕਰ ਦਿੱਤਾ ਸੀ ਤੇ ਰਾਜ ਸਭਾ ਵਿੱਚ ਇਹ ਅੱਜ ਪਾਸ ਹੋਇਆ।

## ਚਾਰਧਾਮ ਪ੍ਰਾਜੈਕਟ 'ਚ ਸੜਕ ਚੌੜੀ ਕਰਨ ਨੂੰ ਸੁਪਰੀਮ ਕੋਰਟ ਦੀ ਮਨਜ਼ੂਰੀ



**ਨਵੀਂ ਦਿੱਲੀ/ਲੋਕ ਬਾਣੀ**

ਸੁਪਰੀਮ ਕੋਰਟ ਨੇ ਉਤਰਾਖੰਡ ਦੇ ਚਾਰਧਾਮ 'ਆਲ ਵੇਦਰ' ਰਾਸ਼ਟਰੀ ਰਾਜਮਾਰਗ ਪ੍ਰਾਜੈਕਟ ਦੇ ਅਧੀਨ ਚੀਨ ਸਰਹੱਦ ਤੱਕ ਪਹੁੰਚਣ ਵਾਲੀਆਂ ਸੜਕਾਂ ਨੂੰ 5 ਤੋਂ 10 ਮੀਟਰ ਤੱਕ ਚੌੜੀਕਰਨ ਕਰਨ ਦੀ ਕੇਂਦਰ ਸਰਕਾਰ ਦੀ ਪਟੀਸ਼ਨ ਨੂੰ ਮੰਗਲਵਾਰ ਨੂੰ ਮਨਜੂਰੀ ਦੇ ਦਿੱਤੀ ਹੈ। ਜੱਜ ਡੀ.ਵਾਈ. ਚੰਦਰਚੂੜ ਦੀ ਪ੍ਰਧਾਨਗੀ ਵਾਲੀ ਤਿੰਨ ਮੈਂਬਰੀ ਬੈਂਚ ਨੇ ਮੰਗਲਵਾਰ ਨੂੰ ਕੇਂਦਰ ਸਰਕਾਰ ਦੀ ਦਲੀਲ ਨੂੰ ਨੋਟਿਸ 'ਚ ਲਿਆ, ਜਿਸ 'ਚ ਰਾਸ਼ਟਰੀ ਸੁਰੱਖਿਆ ਲਈ ਰਣਨੀਤਕ ਦ੍ਰਿਸ਼ਟੀ ਨਾਲ ਸੜਕਾਂ ਦੀ ਚੌੜਾਈ 5 ਤੋਂ ਵਧਾ ਕੇ 10 ਮੀਟਰ ਕੀਤਾ ਜਾਣਾ ਜਰੂਰੀ ਦੱਸਿਆ ਸੀ। ਸੁਪਰੀਮ ਕੋਰਟ ਨੇ ਪ੍ਰਸਤਾਵਿਤ ਕਰੀਬ 900 ਕਿਲੋਮੀਟਰ 'ਚਾਰਧਾਮ' ਰਾਜਮਾਰਗ ਨੂੰ ਸਾਢੇ 5 ਮੀਟਰ ਤੋਂ ਵਧਾ ਕੇ 10 ਮੀਟਰ ਚੌੜੀ ਕਰਨ ਦੀ ਕੇਂਦਰ ਸਰਕਾਰ ਦੀ ਮਨਜੂਰੀ ਦੀ ਮੰਗ 'ਤੇ ਸੁਰੱਖਿਆ ਅਤੇ ਵਾਤਾਵਰਣ ਨਾਲ ਸੰਬੰਧਤ ਵੱਖ-ਵੱਖ ਬਿੰਦੂਆਂ 'ਤੇ ਡੂੰਘਾ ਵਿਚਾਰ ਕੀਤਾ।

## ਟੋਲ-ਪਲਾਜਿਆ ਤੋ ਪੰਜਾਬ ਵਿੱਚ ਧਰਨੇ ਨਹੀਂ ਹਟਣਗੇ : ਉਗਰਾਹਾਂ

**ਲੁਧਿਆਣਾ/ਸੁਖਚੈਨ ਮਹਿਰਾ**

ਪੰਜਾਬ ਦੇ ਟੋਲ ਪਲਾਜ਼ਿਆਂ 'ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵਲੋਂ ਖੇਤੀ ਕਾਨੂੰਨਾਂ ਦੇ ਵਿਰੋਧ 'ਚ ਲਗਾਏ ਗਏ ਸਾਰੇ ਧਰਨੇ ਪਹਿਲਾਂ ਦੀ ਤਰ੍ਹਾਂ ਜਾਰੀ ਰੱਖਣ ਦਾ ਫ਼ੈਸਲਾ ਕੀਤਾ ਗਿਆ ਹੈ। ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੇ ਫ਼ੈਸਲੇ ਅਨੁਸਾਰ ਅਸੀਂ ਪੰਜਾਬ ਦੇ ਟੋਲ ਪਲਾਜ਼ਿਆਂ 'ਤੇ ਚੱਲਦੇ ਸਾਰੇ ਧਰਨੇ 15 ਦਸੰਬਰ ਨੂੰ ਖ਼ਤਮ ਕਰਨ ਦਾ ਫ਼ੈਸਲਾ ਕੀਤਾ ਸੀ। ਪਰ ਸਰਕਾਰ ਨੇ ਟੋਲ ਪਲਾਜ਼ਿਆਂ ਦੀਆਂ ਵਹੀਕਲ ਫ਼ੀਸਾਂ ਦੁੱਗਣੀਆਂ ਕਰ ਦਿੱਤੀਆਂ ਹਨ। ਜਿਸ ਕਰਕੇ ਅਸੀਂ ਵਧਾਈਆਂ ਗਈਆਂ ਫ਼ੀਸਾਂ ਦੇ ਵਿਰੋਧ 'ਚ ਪੰਜਾਬ ਦੇ ਟੋਲ ਪਲਾਜ਼ਿਆਂ 'ਤੇ ਚੱਲਦੇ ਧਰਨੇ ਖ਼ਤਮ ਨਹੀਂ ਕਰਾਂਗੇ।



## ਓਮੀਕੋਰਨਾ ਦੇ ਦਿੱਲੀ ਵਿੱਚ 4 ਨਵੇਂ ਕੇਸ ਮਿਲੇ

**ਨਵੀਂ ਦਿੱਲੀ/ਕਪੂਰ :** ਵਿਦੇਸ਼ ਯਾਤਰਾ ਕਰਕੇ ਦਿੱਲੀ ਪਰਤੇ ਚਾਰ ਹੋਰ ਵਿਅਕਤੀਆਂ ਨੂੰ ਓਮੀਕਰੋਨ ਹੋਣ ਦੀ ਪੁਸ਼ਟੀ ਹੋਈ ਹੈ। ਇਸ ਦੌਰਾਨ ਦਿੱਲੀ 'ਚ ਓਮੀਕਰੋਨ ਦੇ ਪਹਿਲੇ ਮਰੀਜ 37 ਸਾਲਾ ਵਿਅਕਤੀ ਨੂੰ ਲੋਕ ਨਾਇਕ ਜੈ ਪ੍ਰਕਾਸ਼ ਨਰਾਇਦ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ। ਰਾਂਚੀ ਦਾ ਰਹਿਣ ਵਾਲਾ ਇਹ ਵਿਅਕਤੀ 2 ਦਸੰਬਰ ਨੂੰ ਕਤਰ ਏਅਰਵੇਜ ਰਾਹੀਂ ਤਨਜਾਨੀਆ ਤੋਂ ਦੋਹਾ ਅਤੇ ਉੱਥੋਂ ਦਿੱਲੀ ਆਇਆ ਸੀ। ਉਹ ਦੱਖਣੀ ਅਫਰੀਕਾ ਦੇ ਜੋਹਾਨੈੱਸਬਰਗ ਵਿਚ ਹਫਤੇ ਤੱਕ ਰਿਹਾ ਅਤੇ ਉਸ ਵਿਚ ਹਲਕੇ ਲੱਛਣ ਸਨ।

## ਮੁੱਖ ਮੰਤਰੀ ਚੰਨੀ ਦੀ ਰੈਲੀ ਵਿੱਚ ਬੇਰੁਜ਼ਗਾਰ ਅਧਿਆਪਕਾਂ ਦੀਆਂ ਲੱਥੀਆਂ ਪੱਗਾਂ, ਕਈ ਜਖਮੀ

**ਸੰਗਰੂਰ/ਲੋਕ ਬਾਣੀ**

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਸੰਗਰੂਰ ਫੇਰੀ ਦੌਰਾਨ ਅੱਜ ਪਿੰਡ ਦੇਹ ਕਲਾਂ ਅਤੇ ਘਾਬਦਾਂ ਵਿਖੇ ਰੈਲੀਆਂ ਦੌਰਾਨ ਟੈੱਟ ਪਾਸ ਬੇਰੁਜ਼ਗਾਰ ਬੀਐਡ ਅਧਿਆਪਕਾਂ ਅਤੇ ਟੈੱਟ ਪਾਸ ਬੇਰੁਜ਼ਗਾਰ ਈਟੀਟੀ ਅਧਿਆਪਕਾਂ ਵਲੋਂ ਮੁੱਖ ਮੰਤਰੀ ਦਾ ਵਿਰੋਧ ਕੀਤਾ ਗਿਆ। ਇਸ ਦੌਰਾਨ ਬੇਰੁਜ਼ਗਾਰ ਅਧਿਆਪਕਾਂ ਦੀ ਪੁਲੀਸ ਨਾਲ ਧੱਕਾ-ਮੁੱਕੀ ਵੀ ਹੋਈ, ਜਿਸ ਦੌਰਾਨ ਇੱਕ-ਦੋ ਬੇਰੁਜ਼ਗਾਰ ਅਧਿਆਪਕਾਂ ਦੀਆਂ ਪੱਗਾਂ ਵੀ ਲੱਥ ਗਈਆਂ। ਪੁਲੀਸ ਨੇ ਮੁੱਖ ਮੰਤਰੀ ਖ਼ਿਲਾਫ਼ ਨਾਅਰੇਬਾਜ਼ੀ ਕਰ ਰਹੇ ਅਨੇਕਾਂ ਬੇਰੁਜ਼ਗਾਰ ਅਧਿਆਪਕਾਂ ਨੂੰ ਹਿਰਾਸਤ ਵਿਚ ਵੀ ਲਿਆ ਗਿਆ ਜਿਸ ਵਿਚ ਮਹਿਲਾ ਬੇਰੁਜ਼ਗਾਰ ਅਧਿਆਪਕਾਂ ਵੀ ਸ਼ਾਮਲ ਹਨ।

ਪਿੰਡ ਦੇਹ ਕਲਾਂ ਵਿਖੇ ਸੀਮਿੰਟ ਫੈਕਟਰੀ ਦਾ ਨੀਂਹ ਪੱਥਰ ਰੱਖਣ ਮੌਕੇ ਕੀਤੀ ਰੈਲੀ ਦੌਰਾਨ ਬੇਰੁਜ਼ਗਾਰ ਬੀਐਡ ਅਧਿਆਪਕ ਪੁਲੀਸ ਨੂੰ ਚਕਮਾ ਦੇ ਕੇ ਪੰਡਾਲ ਵਿਚ ਦਾਖਲ ਹੋ ਗਏ। ਭਿਣਕ ਪੈਂਦਿਆਂ ਹੀ ਪੁਲੀਸ ਵਲੋਂ ਪੰਡਾਲ 'ਚ ਬੈਠੇ ਲੋਕਾਂ ਵਲੋਂ ਪ੍ਰਦਰਸ਼ਨਕਾਰੀਆਂ ਦੀ ਪਛਾਣ ਸ਼ੁਰੂ ਕਰ ਦਿੱਤੀ। ਖੁਦ ਐੱਸਐੱਸਪੀ ਸਵਪਨ ਸ਼ਰਮਾ ਪੰਡਾਲ 'ਚ ਬੈਠੇ ਪ੍ਰਦਰਸ਼ਨਕਾਰੀਆਂ ਦੀ ਪਛਾਣ ਕਰਨ ਲਈ ਪੁਲੀਸ ਪਾਰਟੀ ਦੀ ਅਗਵਾਈ ਕਰ ਰਹੇ ਸਨ। ਕਈ ਪ੍ਰਦਰਸ਼ਨਕਾਰੀ ਮੁੰਡੇ-ਕੁੜੀਆਂ ਦੀ ਪਛਾਣ ਕਰਦਿਆਂ ਹਿਰਾਸਤ ਵਿਚ ਲੈ ਲਿਆ ਗਿਆ ਜਿਨ੍ਹਾਂ ਨੇ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।



## 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦੋ ਦਿਨਾਂ ਦੌਰੇ 'ਤੇ 15 ਨੂੰ ਪੰਜਾਬ ਆਉਣਗੇ

**ਚੰਡੀਗੜ੍ਹ/ਲੋਕ ਬਾਣੀ**

ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 15 ਦਸੰਬਰ ਤੋਂ ਆਪਣੇ ਦੋ ਦਿਨਾਂ ਦੌਰੇ 'ਤੇ ਪੰਜਾਬ ਆਉਣਗੇ। ਇਸ ਦੌਰਾਨ ਅਰਵਿੰਦ ਕੇਜਰੀਵਾਲ ਜਿੱਥੇ ਜਲੰਧਰ 'ਚ ਇੱਕ ਤਿਰੰਗਾ ਮਾਰਚ ਦੀ ਅਗਵਾਈ ਕਰਨਗੇ, ਉੱਥੇ ਹੀ ਦੂਜੇ ਦਿਨ ਲੰਬੀ ਹਲਕੇ 'ਚ ਬਾਦਲ ਪਰਿਵਾਰ ਨੂੰ ਲਲਕਾਰ ਦੇਣਗੇ। ਇਸ ਸੰਬੰਧੀ ਜਾਣਕਾਰੀ ਦਿੰਦਿਆਂ 'ਆਪ' ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਦੱਸਿਆ ਕਿ ਪਾਰਟੀ ਸੁਪਰੀਮੋ 15 ਦਸੰਬਰ (ਦਿਨ ਬੁੱਧਵਾਰ) ਨੂੰ ਪੰਜਾਬ ਦੌਰੇ 'ਤੇ ਆਉਣਗੇ। ਪਹਿਲੇ ਦਿਨ ਬੁੱਧਵਾਰ ਨੂੰ ਕੇਜਰੀਵਾਲ ਜਲੰਧਰ ਵਿਖੇ ਪਾਰਟੀ ਵੱਲੋਂ ਰੱਖੇ ਗਏ 'ਤਿਰੰਗਾ ਯਾਤਰਾ' ਪ੍ਰੋਗਰਾਮ ਵਿੱਚ ਸ਼ਾਮਲ ਹੋਣਗੇ। ਮਾਨ ਨੇ ਦੱਸਿਆ ਕਿ ਇਹ ਤਿਰੰਗਾ ਯਾਤਰਾ ਜਲੰਧਰ ਦੇ ਕਾਰਪੋਰੇਸ਼ਨ ਚੌਂਕ ਵਿੱਚੋਂ ਸਵੇਰੇ 11 ਵਜੇ ਸ਼ੁਰੂ ਹੋਵੇਗੀ ਅਤੇ ਵੱਖ- ਵੱਖ ਬਾਜ਼ਾਰਾਂ ਰਾਹੀਂ ਸ਼ਹਿਰ ਭਰ ਮਾਰਚ ਕਰੇਗੀ। ਭਗਵੰਤ ਮਾਨ ਨੇ ਇਸ ਯਾਤਰਾ 'ਚ ਸ਼ਾਮਲ ਹੋਣ ਦਾ ਸੱਦਾ ਦਿੰਦਿਆਂ ਅਰਵਿੰਦ ਕੇਜਰੀਵਾਲ ਵੱਲੋਂ ਅੱਜ ਇਸ ਬਾਰੇ ਕੀਤਾ ਗਿਆ ਟਵੀਟ ਵੀ ਮੀਡੀਆ ਨਾਲ ਸਾਂਝਾ ਕੀਤਾ।



ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਧਰਮਕੋਟ ਤੋਂ ਅਕਾਲੀ ਆਗੂ ਅਤੇ ਵਰਕਰ ਕਿਲੀ ਚਾਹਲਾਂ ਵਿਖੇ ਵੱਡੀ ਗਿਣਤੀ ਵਿੱਚ ਪਹੁੰਚੇ



**ਮੋਗਾ/ਧਰਮਕੋਟ ਦਵਿੰਦਰ ਸਿੰਘ ਬਿੱਟੂ**

ਸ਼੍ਰੋਮਣੀ ਅਕਾਲੀ ਦਲ ਦੇ 101ਸਾਲਾ ਸਥਾਪਨਾ ਦਿਵਸ ਮੌਕੇ ਕਿੱਲੀ ਚਾਹਲਾਂ ਮੋਗਾ ਵਿਖੇ ਧਰਮਕੋਟ ਤੋਂ ਵੱਡੀ ਗਿਣਤੀ ਵਿੱਚ ਅਕਾਲੀ ਆਗੂ ਅਤੇ ਵਰਕਰ ਪਹੁੰਚੇ ਜਿਸ ਵਿੱਚ ਹਰਪ੍ਰੀਤ ਸਿੰਘ ਰਿੱਕੀ ਪ੍ਰਧਾਨ ਯੂਥ ਅਕਾਲੀ ਦਲ ਧਰਮਕੋਟ ਨਿਸ਼ਾਨ ਸਿੰਘ ਮੂਸੇਵਾਲਾ ਹਰਪ੍ਰੀਤ ਸਿੰਘ ਸਿੱਧੂ ਪ੍ਰਧਾਨ ਐਸਓਆਈ ਡਾ ਹਰਮੀਤ ਸਿੰਘ ਲਾਡੀ ਜਗੀਰ ਸਿੰਘ ਜੱਜ ਪ੍ਰਧਾਨ ਬੀਸੀ ਵਿੰਗ ਤਰਸੇਮ ਸਿੰਘ ਭੱਟੀ ਪ੍ਰਧਾਨ ਐਸਸੀ ਵਿੰਗ ਜਸਪ੍ਰੀਤ ਸਿੰਘ ਲਾਲੀ ਯੂਥ ਆਗੂ ਭਜਨ ਸਿੰਘ ਬੱਤਰਾ ਸਾਬਕਾ ਕੌਂਸਲਰ ਮੇਜਰ ਸਿੰਘ ਚਾਹਲ ਗੁਰਬਖਸ਼ ਸਿੰਘ ਕੁੱਕੂ ਸੀਨੀਅਰ ਮੀਤ ਪ੍ਰਧਾਨ ਸ਼ਹਿਰੀ ਅਕਾਲੀ ਦਲ ਜਗਮੋਹਨ ਸਿੰਘ ਕਾਹਲੋਂ ਜਰਨੈਲ ਸਿੰਘ ਕਾਹਲੋਂ ਲਖਵਿੰਦਰ ਸਿੰਘ ਸਿੱਧੂ ਨੈਸਲੇ ਪ੍ਰਭਦੀਪ ਸਿੰਘ ਸੰਘਾ ਹਰਜਿੰਦਰ ਸਿੰਘ ਸੰਧੂ ਕ੍ਰਿਸ਼ਨ ਸ਼ਰਮਾ ਜਗਸੀਰ ਸਿੰਘ ਸਭਰਵਾਲ ਕਾਕਾ ਨੂਰ ਜਸਵੰਤ ਸਿੰਘ ਖੋਸਾ ਲਖਵੀਰ ਸਿੰਘ ਸੀਨੀਅਰ ਮੀਤ ਪ੍ਰਧਾਨ ਯੂਥ ਅਕਾਲੀ ਦਲ ਮੇਜਰ ਸਿੰਘ ਪਲਵਿੰਦਰ ਸਿੰਘ ਔਲਖ ਬਲਬੀਰ ਸਿੰਘ ਅਤੇ ਵੱਡੀ ਗਿਣਤੀ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਹਾਜਰ ਸਨ।

# ਬਲਾਕ ਪੱਧਰ 'ਤੇ ਕ੍ਰਿਕਟ ਲੀਗ ਕਰਵਾਈਆਂ ਜਾਣਗੀਆਂ : ਚੇਅਰਮੈਨ ਪੀ.ਵਾਈ.ਡੀ.ਬੀ.



**ਲੁਧਿਆਣਾ/ਕਰਨ ਅਗਰਵਾਲ**

ਪੰਜਾਬ ਯੂਥ ਡਿਵੈਲਪਮੈਂਟ ਬੋਰਡ (ਪੀ.ਵਾਈ.ਡੀ.ਬੀ.) ਦੇ ਚੇਅਰਮੈਨ ਸ੍ਰੀ ਸੁਖਵਿੰਦਰ ਸਿੰਘ ਬਿੰਦਰਾ ਨੇ ਕਿਹਾ ਹੈ ਕਿ ਨੌਜਵਾਨਾਂ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਸੂਬੇ ਦੇ ਪੇਂਡੂ ਖੇਤਰਾਂ ਵਿੱਚ ਵਿਸ਼ੇਸ਼ ਕ੍ਰਿਕਟ ਲੀਗ ਕਰਵਾਈਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਇਸ ਸਬੰਧੀ ਸਾਰੇ ਸਹਾਇਕ ਡਾਇਰੈਕਟਰਾਂ (ਯੁਵਕ ਸੇਵਾਵਾਂ) ਅਤੇ ਜ਼ਿਲ੍ਹਾ ਖੇਡ ਅਫ਼ਸਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ। ਸ੍ਰੀ ਬਿੰਦਰਾ ਨੇ ਇਹ ਗੱਲ ਬੀਤੀ ਸ਼ਾਮ ਲੋਧੀ ਕਲੱਬ ਦੇ ਲੋਧੀ ਕਲੱਬ ਸਪੋਰਟਸ ਕਾਰਨੀਵਲ ਦੌਰਾਨ ਖਿਡਾਰੀਆਂ ਨੂੰ ਖੇਡ ਕਿੱਟਾਂ ਵੰਡਣ ਮੌਕੇ ਸੰਬੋਧਨ ਕਰਦਿਆਂ ਕਹੀ। ਉਨ੍ਹਾਂ ਜੇਤੂਆਂ ਨੂੰ ਇਨਾਮ ਵੀ ਵੰਡੇ।ਚੇਅਰਮੈਨ ਸ੍ਰੀ ਸੁਖਵਿੰਦਰ ਸਿੰਘ ਬਿੰਦਰਾ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਸ.ਚਰਨਜੀਤ ਸਿੰਘ ਚੰਨੀ ਅਤੇ ਖੇਡ ਤੇ ਯੁਵਕ ਭਲਾਈ ਮੰਤਰੀ ਸ. ਪਰਗਟ ਸਿੰਘ ਦੀ ਯੋਗ ਅਗਵਾਈ ਹੇਠ ਪੰਜਾਬੀ ਨੌਜਵਾਨਾਂ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ ਸਮੇਂ ਦੀ ਲੋੜ ਹੈ ਜੋ ਕਿ ਉਨ੍ਹਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਵਿੱਚ ਸਹਾਈ ਹੋਵੇਗੀ ਅਤੇ ਉਹ ਆਪਣੇ ਪਰਿਵਾਰ ਦਾ ਸਹਾਰਾ ਬਣ ਸਕਣਗੇ। ਉਨ੍ਹਾਂ ਕਿਹਾ ਕਿ ਪੰਜਾਬ ਯੂਥ ਵਿਕਾਸ ਬੋਰਡ ਸੂਬੇ ਦੇ ਨੌਜਵਾਨਾਂ ਦੀ ਬਿਹਤਰੀ ਅਤੇ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਆਪਣੇ ਤੰਦਰੁਸਤ ਪੰਜਾਬ ਮਿਸ਼ਨ ਤਹਿਤ ਖੇਡਾਂ ਦੇ ਖੇਤਰ ਵਿੱਚ ਪੰਜਾਬ ਨੂੰ ਮੋਹਰੀ ਰਾਜ ਵਜੋਂ ਉਭਰਨ ਨੂੰ ਯਕੀਨੀ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਹੈ। ਇਸ ਮੌਕੇ ਨਿਤਿਨ ਮਹਾਜਨ ਜਨਰਲ ਸਕੱਤਰ, ਰਾਮ ਸ਼ਰਮਾ ਖੇਡ ਸਕੱਤਰ ਲੋਧੀ ਕਲੱਬ ਵੀ ਹਾਜ਼ਰ ਸਨ।

> ■ ਬੀਤੀ ਸ਼ਾਮ ਲੋਧੀ ਕਲੱਬ ਸਪੋਰਟਸ ਕਾਰਨੀਵਲ ਦੌਰਾਨ ਖਿਡਾਰੀਆਂ ਨੂੰ ਵੰਡੀਆਂ ਖੇਡ ਕਿੱਟਾਂ

# ਫਲਾਇੰਗ ਅ.ਫਸਰ ਨਿਰਮਲਜੀਤ ਸਿੰਘ ਸੇਖੋਂ ਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ 'ਤੇ ਸ਼ਰਧਾਂਜਲੀ ਭੇਂਟ ਕੀਤੀ ਗਈ

**ਲੁਧਿਆਣਾ/ਕਰਨ ਅਗਰਵਾਲ, ਸੁਖਚੈਨ ਮਹਿਰਾ**



ਪਰਮਵੀਰ ਚੱਕਰ ਪ੍ਰਾਪਤ ਸ਼ਹੀਦ ਫਲਾਇੰਗ ਅਫ਼ਸਰ ਨਿਰਮਲਜੀਤ ਸਿੰਘ ਸੇਖੋਂ ਦੇ ਸ਼ਹੀਦੀ ਦਿਹਾੜੇ ਮੌਕੇ ਅੱਜ ਮਿੰਨੀ ਸਕੱਤਰੇਤ ਵਿਖੇ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਦਾਖਾ ਦੇ ਪਿੰਡ ਈਸੇਵਾਲ ਦੇ ਵਸਨੀਕ ਸ਼ਹੀਦ ਨਿਰਮਲਜੀਤ ਸਿੰਘ ਸੇਖੋਂ ਨੇ 1971 ਦੀ ਭਾਰਤ-ਪਾਕਿ ਜੰਗ ਦੌਰਾਨ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ। ਡਿਪਟੀ ਕਮਿਸ਼ਨਰ ਲੁਧਿਆਣਾ ਵਰਿੰਦਰ ਕੁਮਾਰ ਸ਼ਰਮਾ ਸਮੇਤ ਏਅਰ ਫੋਰਸ ਦੇ ਸੀਨੀਅਰ ਅਧਿਕਾਰੀਆਂ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਦਕਿ ਪੰਜਾਬ ਪੁਲਿਸ ਵੱਲੋਂ ਸ਼ਹੀਦ ਨੂੰ ਗਾਰਡ ਆਫ਼ ਆਨਰ ਭੇਟ ਕੀਤਾ ਗਿਆ। ਇਸੇ ਦੌਰਾਨ 17 ਜੁਲਾਈ 1943 ਨੂੰ ਜਨਮੇ ਸ਼ਹੀਦ ਨਿਰਮਲਜੀਤ ਸਿੰਘ ਸੇਖੋਂ 04 ਜੁਲਾਈ 1967 ਨੂੰ ਭਾਰਤੀ ਹਵਾਈ ਸੈਨਾ ਵਿੱਚ ਭਰਤੀ ਹੋਏ ਸਨ। 1971 ਦੀ ਭਾਰਤ-ਪਾਕਿ ਜੰਗ ਦੌਰਾਨ ਸ਼੍ਰੀਨਗਰ ਏਅਰ ਫੀਲਡ 'ਤੇ 14 ਦਸੰਬਰ ਨੂੰ ਛੇ ਪਾਕਿਸਤਾਨੀ ਜਹਾਜ਼ਾਂ ਵੱਲੋਂ ਹਮਲਾ ਕੀਤਾ ਗਿਆ ਸੀ। 1971 ਫਲਾਇੰਗ ਅਫਸਰ ਨਿਰਮਲਜੀਤ ਸਿੰਘ ਸੇਖੋਂ ਨੇ ਹਮਲੇ ਦੇ ਬਾਵਜੂਦ ਬੇਮਿਸਾਲ ਉਡਾਣ ਦੇ ਹੁਨਰ ਦਾ ਪ੍ਰਦਰਸ਼ਨ ਕੀਤਾ ਅਤੇ ਦੁਸ਼ਮਣ ਦੇ ਹਮਲੇ ਦਾ ਮੁਕਾਬਲਾ ਕਰਨ ਲਈ ਉਡਾਣ ਭਰੀ। ਉਨ੍ਹਾਂ ਨੇ ਪਾਕਿਸਤਾਨੀ ਹਮਲੇ ਨੂੰ ਨਾਕਾਮ ਕਰਨ ਲਈ ਅਤਿਅੰਤ ਸਾਹਸ, ਬਹਾਦਰੀ ਅਤੇ ਦ੍ਰਿੜਤਾ ਦਾ ਪ੍ਰਦਰਸ਼ਨ ਕੀਤਾ ਅਤੇ ਦੁਸ਼ਮਣ ਦੇ ਦੋ ਜਹਾਜ਼ਾਂ ਨੂੰ ਵਾਪਸ ਪਰਤਣ ਲਈ ਮਜਬੂਰ ਕਰ ਦਿੱਤਾ। ਫਲਾਇੰਗ ਅਫਸਰ ਨਿਰਮਲਜੀਤ ਸਿੰਘ ਸੇਖੋਂ ਦੁਸ਼ਮਣ ਦੀ ਗਿਣਤੀ ਬਹੁਤ ਜ਼ਿਆਦਾ ਹੋਣ ਕਰਕੇ, ਅੰਤ ਵਿੱਚ ਦੁਸ਼ਮਣ ਨਾਲ ਲੜਦੇ ਹੋਏ ਦੇਸ਼ ਦੀ ਸੇਵਾ ਵਿੱਚ ਸਰਵਉੱਚ ਕੁਰਬਾਨੀ ਦਿੱਤੀ ਗਈ।

# ਖਾੜੀ ਦੇਸਾਂ 'ਚ ਵੱਸਦੇ ਲੇਖਕ ਸੁਰਿੰਦਰ ਸਿੰਘ ਦਾਊਮਾਜਰਾ ਦਾ ਨਾਵਲ ਨੇਤਰ ਦਾ ਤੀਜਾ ਸੰਸਕਰਨ ਲੁਧਿਆਣਾ ਵਿਖੇ ਲੋਕ ਅਰਪਨ



**ਲੁਧਿਆਣਾ/ਕਰਨ ਅਗਰਵਾਲ**

ਖਾੜੀ ਦੇਸ ਸਾਊਦੀ ਅਰਬ 'ਚ ਵੱਸਦੇ ਪੰਜਾਬੀ ਨਾਵਲਕਾਰ ਸੁਰਿੰਦਰ ਸਿੰਘ ਦਾਊਮਾਜਰਾ ਦੇ ਪਲੇਠੇ ਨਾਵਲ ਨੇਤਰ ਦਾ ਤੀਜੇ ਮਹੀਨੇ ਤੀਜਾ ਸੰਸਕਰਨ ਪ੍ਰਕਾਸਤ ਹੋਣਾ ਜਿੱਥੇ ਸਿਰਜਕ ਦੀ ਸਮਰਥਾ ਦੀ ਤਸਦੀਕ ਹੈ ਓਥੇ ਇਹ ਵੀ ਪ੍ਰਮਾਣਿਤ ਹੋ ਗਿਆ ਹੈ ਕਿ ਨੌਜਵਾਨ ਪੀੜ੍ਹੀ ਦਾ ਸਾਹਿੱਤ ਪੜ੍ਹਨ ਵੱਲ ਰੁਝਾਨ ਵਧਿਆ ਹੈ। ਨੇਤਰ ਦਾ ਤੀਜਾ ਸੰਸਕਰਨ ਲੋਕ ਅਰਪਨ ਕਰਦਿਆਂ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ ਗੁਰਭਜਨ ਸਿੰਘ ਗਿੱਲ ਨੇ ਕਿਹਾ ਹੈ ਕਿ ਪਾਇਲ(ਲੁਧਿਆਣਾ) ਨੇੜਲੇ ਪਿੰਡ ਦਾਊਮਾਜਰਾ ਦਾ ਜੰਮਪਲ ਇਹ ਨਾਵਲਕਾਰ ਬਚਪਨ ਵਿੱਚ ਹੀ ਪਿਤਾ ਜੀ ਦੇ ਸੁਰਗਵਾਸ ਹੋਣ ਕਾਰਨ ਸੰਘਰਸਸੀਲ ਰਿਹਾ ਹੈ। ਪਹਿਲਾਂ ਬਹਿਰੀਨ ਤੇ ਹੁਣ ਸਾਊਦੀ ਅਰਬ ਚ ਵੱਸਦੇ ਇਸ ਨੌਜਵਾਨ ਨੇ ਖਾੜੀ ਦੇਸ ਚ ਵੱਸਦੇ ਲੇਖਕਾਂ ਚੋਂ ਪ੍ਰਥਮ ਨਾਵਲਕਾਰ ਹੋਣ ਦਾ ਮਾਣ ਪ੍ਰਾਪਤ ਕਰ ਲਿਆ ਹੈ। ਇਸ ਨਾਵਲ ਨੂੰ ਅਮਰੀਕਾ ਵੱਸਦੀ ਲੇਖਿਕਾ ਪਰਵੇਜ ਸੰਧੂ ਨੇ ਆਪਣੀ ਪੁੱਤਰੀ ਦੀ ਯਾਦ ਚ ਸਥਾਪਤ ਸੰਸਥਾ ਸਵੀਨਾ ਪਬਲੀਕੇਸਨਜ ਵੱਲੋਂ ਪ੍ਰਕਾਸ?ਤ ਕੀਤਾ ਹੈ। ਨਾਵਲ ਬਾਰੇ ਜਾਣਕਾਰੀ ਦਿੰਦਿਆਂ ਸੁਰਿੰਦਰ ਸਿੰਘ ਦਾਊਮਾਜਰਾ ਨੇ ਦੱਸਿਆ ਕਿ ਇਹ ਨਾਵਲ ਮੇਰੇ ਪਿੰਡ ਨੂੰ ਸਮਰਪਿਤ ਹੈ ਜਿਸਨੇ ਮੈਨੂੰ ਆਪਣਾ ਨਾਮ ਦਿੱਤਾ। ਪਿੰਡ ਦੇ ਉਨ੍ਹਾਂ ਬਜ਼ੁਰਗਾਂ ਦਾ ਵੀ ਮੈਂ ਸੁਕਰਗੁਜਾਰ ਹਾਂ ਜਿੰਨ੍ਹਾਂ ਨੇ ਮੈਨੂੰ ਸਹੀ ਤੇ ਗਲਤ ਦੀ ਪਛਾਣ ਦੱਸੀ। ਜਿੱਥੋਂ ਦੀ ਹਰ ਮਾਂ ਨੇ ਮੈਨੂੰ ਅਸੀਸਾਂ ਨਾਲ ਨਿਵਾਜਿਆ। ਸੁਰਿੰਦਰ ਸਿੰਘ ਦੇ ਜਿਗਰੀ ਦੋਸਤ ਤੇ ਇਸ ਨਾਵਲ ਨੂੰ ਪਾਠਕਾਂ ਦੇ ਵਿਸਾਲ ਘੇਰੇ ਵਿੱਚ ਪਹੁੰਚਾਉਣ ਵਾਲੇ ਸ ਵਰਿੰਦਰ ਸਿੰਘ ਸੇਖੋਂ ਨੇ ਕਿਹਾ ਹੈ ਕਿ ਇਸ ਨਾਵਲ ਦੀ ਭਾਸਾ ਸਰਲ ਸੁਖੈਨ ਤੇ ਹਰ ਵਿਅਕਤੀ ਦੇ ਸਮਝ ਪੈਣ ਵਾਲੀ ਹੋਣ ਕਾਰਨ ਇਸ ਨੂੰ ਪੰਜਾਬੀ ਪਾਠਕਾਂ ਨੇ ਪਿਆਰਿਆ ਹੈ। ਸੋਸਲ ਮੀਡੀਆ ਵਿੱਚ ਹੀ ਇਸ ਦਾ ਪਰਚਾਰ ਕੀਤਾ ਗਿਆ ਹੈ। ਲੇਖਕ ਸਭਾਵਾਂ, ਯੂਨੀਵਰਸਿਟੀਆਂ ਤੇ ਆਲੋਚਕਾਂ ਤੀਕ ਇਸ ਰਚਨਾ ਨੇ ਹਾਲੇ ਪਹੁੰਚਣਾ ਹੈ ਪਰ ਤਿੰਨ ਸੰਸਕਰਨ ਹੁਣ ਤੀਕ ਪ੍ਰਕਾਸ?ਤ ਹੋ ਚੁਕੇ ਹਨ। ਉਨ੍ਹਾਂ ਕਿਹਾ ਕਿ ਇਹੋ ਜਹੀਆਂ ਲਿਖਤਾਂ ਨੂੰ ਸਤਿਕਾਰ ਮਿਲਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਨੌਜਵਾਨ ਪੀੜ੍ਹੀ ਸਾਹਿੱਤ ਪੜ੍ਹਨ ਵਿੱਚ ਪੂਰੀ ਦਿਲਚਸਪੀ ਲੈ ਰਹੀ ਹੈ ਕਿਉਂਕਿ ਬਹੁਤੇ ਪਾਠਕ ਟੈਲੀਫੋਨ ਸੰਪਰਕ ਰਾਹੀਂ ਇਹ ਨਾਵਲ ਹਾਸਲ ਕਰ ਰਹੇ ਹਨ।

# ਕਾਂਗਰਸ ਨੇ ਪੰਜਾਬ ਦੇ ਹਾਲਾਤ ਅੱਤਵਾਦ ਦੇ ਦੌਰ ਵਰਗੇ ਬਣਾ ਦਿੱਤੇ : ਛਾਹੜਿਆ



**ਖੰਨਾ/ਤੇਜਿੰਦਰ ਸਿੰਘ ਆਰਟਿਸਟ**

ਪੰਜਾਬ ਦੀ ਆਰਥਿਕਤਾ ਬੁਰੀ ਤਰ੍ਹਾਂ ਤਬਾਹ ਹੋ ਚੁੱਕੀ ਹੈ ਕਾਰੋਬਾਰਿਆਂ ਦਾ ਭਵਿੱਖ ਸੁਰੱਖਿਅਤ ਨਹੀਂ ਹੈ। ਇੱਥੋਂ ਤੱਕ ਕਿ ਕਾਂਗਰਸੀ ਮੰਤਰੀਆਂ ਨੇ ਵੀ ਆਪਣਾ ਕਾਰੋਬਾਰ ਦੂਜੇ ਰਾਜਾਂ ਵਿੱਚ ਤਬਦੀਲ ਕਰਨਾ ਸੁਰੂ ਕਰ ਦਿੱਤਾ ਹੈ, ਫਿਰ ਆਮ ਲੋਕਾਂ ਲਈ ਇਹ ਸਥਿਤੀ ਕਿੰਨੀ ਮੁਸਕਲ ਹੋਵੇਗੀ। ਇਹ ਗੱਲ ਦਾ ਪ੍ਰਗਟਾਵਾ ਭਾਜਪਾ ਦੇ ਸੂਬਾ ਕਾਰਜਕਾਰਨੀ ਮੈਂਬਰ ਅਨੁਜ ਛਾਹੜੀਆ ਨੇ ਨੁੱਕੜ ਮੀਟਿੰਗ ਵਿੱਚ ਪੰਜਾਬ ਅਤੇ ਖੰਨਾ ਹਲਕੇ ਦੀਆਂ ਹੋਰ ਸਮੱਸਿਆਵਾਂ ਬਾਰੇ ਕੀਤਾ ਗਿਆ।

ਇਸ ਸਬੰਧੀ ਅੱਜ ਗੁਰਦੀਪ ਸਿੰਘ ਦੀ ਅਗਵਾਈ ਹੇਠ ਹੋਈ ਮੀਟਿੰਗ ਵਿੱਚ ਸਾਬਕਾ ਕੌਂਸਲਰ ਸੁਧੀਰ ਸੋਨੂੰ ਅਤੇ ਹਰਸਿਮਰਨ ਸਮੇਤ ਜੀਤ ਸਿੰਘ ਨੇ ਸ?ਿਰਕਤ ਕੀਤੀ। ਲੋਕਾਂ ਦੀਆਂ ਸਮੱਸਿਆਵਾਂ ਸੁਣਦਿਆਂ ਛਾਹੜੀਆ ਨੇ ਕਿਹਾ ਕਿ ਕਾਂਗਰਸ ਨੇ ਪੰਜਾਬ ਦੇ ਹਾਲਾਤ ਅੱਤਵਾਦ ਦੇ ਦੌਰ ਵਰਗੇ ਬਣਾ ਦਿੱਤੇ ਹਨ। ਆਮ ਲੋਕ ਆਪਣੇ ਕਾਰੋਬਾਰੀ ਰੁਜਗਾਰ ਦੇ ਭਵਿੱਖ ਨੂੰ ਸੁਰੱਖਿਅਤ ਨਹੀਂ ਸਮਝ ਰਹੇ ਹਨ। ਕਾਂਗਰਸ ਦੇ ਹੋਰ ਮੰਤਰੀ ਵੀ ਇਨ੍ਹਾਂ ਤੋਂ ਡਰੇ ਹੋਏ ਹਨ, ਜਿਨ੍ਹਾਂ ਨੇ ਆਪਣਾ ਕਾਰੋਬਾਰ ਦੂਜੇ ਰਾਜਾਂ ਵਿਚ ਵੀ ਲਿਜਾਇਆ ਹੋਇਆ ਹੈ। ਇਨ੍ਹਾਂ ਵਿੱਚ ਮੰਤਰੀ ਰਾਣਾ ਗੁਰਜੀਤ ਸਿੰਘ ਸਮੇਤ ਕਈ ਮੰਤਰੀ ਸਾਮਲ ਹਨ। ਜਿਹੜੀ ਸਰਕਾਰ ਆਪਣੇ ਮੰਤਰੀ ਦਾ ਭਰੋਸਾ ਨਹੀਂ ਜਿੱਤ ਸਕੀ, ਉਸ ਤੋਂ ਆਮ ਜਨਤਾ ਨੂੰ ਕੀ ਉਮੀਦ ਕਰਨੀ ਚਾਹੀਦੀ ਹੈ। ਛਾਹੜੀਆ ਨੇ ਕਿਹਾ ਕਿ ਪੰਜਾਬ ਵਿੱਚੋਂ ਇੱਕ ਵੱਡੇ ਸਾਈਕਲ ਦੇ ਇੱਕ ਯੂਨਿਟ ਸਮੇਤ ਕਰੀਬ 174 ਉਦਯੋਗਿਕ ਯੂਨਿਟਾਂ ਨੇ ਪੰਜਾਬ ਵਿੱਚੋਂ ਕਾਰੋਬਾਰ ਬਦਲ ਲਿਆ ਹੈ ਅਤੇ ਕਈ ਯੋਜਨਾਵਾਂ 'ਤੇ ਕੰਮ ਕਰ ਰਹੇ ਹਨ। ਪੰਜਾਬ ਦੇ ਟੈਕਸਟਾਈਲ, ਹੌਜਰੀ, ਹੈਂਡ ਓਜਰ, ਸਟੀਲ, ਵਾਹਨਾਂ ਦੇ ਪਾਰਟਸ ਆਦਿ ਨੂੰ ਕਰੀਬ 3850 ਮਾਲ ਗੱਡੀਆਂ, 2353 ਪੈਸੰਜਰ ਟਰੇਨਾਂ ਦੇ ਰੁਕਣ ਕਾਰਨ 7000 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਐਸੋਚੈਮ ਮੁਤਾਬਕ 5 ਉੱਤਰੀ ਰਾਜਾਂ ਨੂੰ ਸਪਲਾਈ ਅਤੇ ਟਰਾਂਸਪੋਰਟ ਬੰਦ ਹੋਣ ਕਾਰਨ ਰੋਜਾਨਾ 3 ਹਜਾਰ ਕਰੋੜ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਉਥੇ ਹੀ ਹਰਿਆਣਾ 'ਚ ਮਾਰੂਤੀ ਸੁਜ਼ੂਕੀ ਦਾ ਨਵਾਂ ਨਿਵੇਸ ਵੀ ਆ ਗਿਆ ਹੈ। ਉਨ੍ਹਾਂ ਦੱਸਿਆ ਕਿ 2020 ਦਾ ਜੀਐਸਟੀ ਦਾ ਟੀਚਾ 15858 ਕਰੋੜ ਸੀ ਜਦਕਿ ਸਿਰਫ 6814 ਕਰੋੜ ਰੁਪਏ ਹੀ ਇਕੱਠੇ ਹੋਏ ਹਨ। ਛਾਹੜੀਆ ਨੇ ਕਿਹਾ ਕਿ ਪੰਜਾਬ ਸਰਕਾਰ ਕਦੇ ਵੀ ਵਪਾਰੀਆਂ ਦੇ ਹਿੱਤਾਂ ਦੀ ਰਾਖੀ ਨਹੀਂ ਰਹੀ। ਸਿਰਫ ਭਾਜਪਾ ਹੀ ਪੰਜਾਬ ਦੇ ਸਹੀ ਵਿਕਾਸ ਦੀ ਪੈਰੋਕਾਰ ਹੈ। ਇਸ ਮੌਕੇ ਉਨ੍ਹਾਂ ਨਾਲ ਲਿਲਿਬ ਨੰਦਾ, ਰਵਿੰਦਰ ਰਵੀ, ਨਰਿੰਦਰ ਗੋਇਲ, ਨਰੇਸ ਅੱਬੀ, ਲਖਵੀਰ ਲੱਖਾ, ਹਰਪ੍ਰੀਤ ਨਿੱਕੜਾ, ਪ੍ਰਦੀਪ ਧੀਰ, ਸੰਜੇ, ਸੰਪੂਰਨ ਸਿੰਘ, ਗੁਰਚਰਨ ਸਿੰਘ, ਮੁਲਖਰਾਜ, ਮਾਸਟਰ ਅਜੀਤ, ਸੁਰਿੰਦਰਪਾਲ ਸਿੰਘ, ਤਿਲਕ ਰਾਜ, ਜੀਤ, ਪ੍ਰਦੀਪ ਸਿੰਘ, ਗੁਰਿੰਦਰ ਆਦਿ ਹਾਜਰ ਸਨ . ਸਿੰਘ, ਡਾ: ਹਰਭਜਨ, ਪ੍ਰਦੀਪ ਸਿੰਘ, ਮਨਦੀਪ ਸਿੰਘ, ਸੁਖਜੀਤ, ਜੋਗਿੰਦਰ ਸਿੰਘ, ਅਮਰੀਕ ਸਿੰਘ, ਕੁਲਦੀਪ ਸਿੰਘ, ਜੁਝਾਰ ਸਿੰਘ, ਕੁਲਜੀਤ ਸਿੰਘ, ਬੀਨਾ, ਗੀਟਾ, ਬਲਵਿੰਦਰ ਸਿੰਘ, ਕੀਮਾ, ਮਿਸਤਰੀ ਕਿਰਪਾਲ, ਨਵਰਤਨ ਸਿੰਘ, ਛੋਟੂ ਸਿੰਘ, ਛੋਟੂ ਸਿੰਘ ਆਦਿ ਸਾਮਿਲ।

> ■ ਇੱਕ ਵੱਡੇ ਸਾਈਕਲ ਯੂਨਿਟ ਸਮੇਤ ਕਰੀਬ 174 ਉਦਯੋਗਿਕ ਯੂਨਿਟਾਂ ਨੇ ਪੰਜਾਬ ਵਿੱਚੋਂ ਕਾਰੋਬਾਰ ਬਦਲ ਲਿਆ ਹੈ
> ■ ਕਾਂਗਰਸੀ ਮੰਤਰੀ ਕਰ ਕਾਰੋਬਾਰ ਕਰ ਰਹੇ, ਆਮ ਲੋਕਾਂ ਨੂੰ ਝੱਲਣਾ ਪੈ ਰਿਹਾ ਦੁਖ

# ਕਿਸਾਨ ਸੰਘਰਸ਼ ਕਮੇਟੀ ਪੰਜਾਬ ਵੱਲੋਂ ਵਾਹਿਗੁਰੂ ਜੀ ਦਾ ਸ਼ੁਕਰਾਨਾ ਵਜੋਂ ਸੁਖਮਨੀ ਸਾਹਿਬ ਪਾਠ ਭੋਗ ਪਾਏ ਅਤੇ ਸਨਮਾਨ ਸਮਾਗਮ ਕਰਵਾਇਆ





**ਅੰਮ੍ਰਿਤਸਰ/ਜਸਬੀਰ ਸਿੰਘ ਟਿੰਕੂ,ਮਿੰਟੂ ਜੋਸ਼ੀ**

ਜੰਡਿਆਲਾ ਗੁਰੂ ਦੇ ਲਾਗੇ ਨਿੱਜਰਪੂਰਾ ਟੋਲ ਪਲਾਜ਼ਾ ਵਿਖੇ ਚਲਾਏ ਜਾ ਰਹੇ ਪਿਛਲੇ ਚੌਦਾਂ ਮਹੀਨਿਆਂ ਤੋਂ ਅੰਦੋਲਨ ਨੂੰ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੀ ਜ਼ਿਲ੍ਹਾ ਕਮੇਟੀ ਵੱਲੋਂ ਗੁਰੂ ਮਹਾਰਾਜ ਜੀ ਦਾ ਸ਼ੁਕਰਾਨਾ ਕਰਦੇ ਹੋਏ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਭੋਗ ਪਾਏ ਗਏ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਦਵਿੰਦਰ ਸਿੰਘ ਚਾਟੀਵਿੰਡ ਅਤੇ ਜ਼ਿਲਾ ਪ੍ਰੈੱਸ ਸਕੱਤਰ ਗੁਰਸਾਹਿਬ ਸਿੰਘ ਨੇ ਦੱਸਿਆ ਕਿ ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵੱਲੋਂ ਨਸਲਾਂ ਫਸਲਾਂ ਅਤੇ ਕਿਸਾਨ ਵਿਰੋਧੀ ਬਿੱਲਾਂ ਖਿ?ਲਾਫ ਪਿਛਲੇ ਸਮੇਂ ਤੋਂ ਕਿਸਾਨਾਂ ਵੱਲੋਂ ਅੰਦੋਲਨ ਚਲਾਇਆ ਗਿਆ ਜਿਸ ਨੂੰ ਗੁਰੂ ਸਾਹਿਬਾਨ ਦੀ ਕਿਰਪਾ ਨਾਲ ਕਿਸਾਨ ਸੰਗਠਨਾਂ ਦੀ ਏਕਤਾ ਤੇ ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਦੀ ਸੁਚੱਜੀ ਅਗਵਾਈ ਸਦਕਾ ਜਿੱਤ ਪ੍ਰਾਪਤੀ ਹੋਈ ਅੱਜ ਦੇ ਇਸ ਸਮਾਗਮ ਸਮੇਂ ਕਿਸਾਨ ਅੰਦੋਲਨ ਵਿੱਚ ਯੋਗਦਾਨ ਪਾਉਣ ਵਾਲੇ ਕਿਸਾਨਾਂ ਨੂੰ ਸੰਤ ਮਹਾਂਪੁਰਸ਼ ਬਾਬਾ ਗੱਜਣ ਸਿੰਘ ਜੀ ਤਰਨਾ ਦਲ ਵਾਲੇ ਸੰਤ ਮਹਾਂਪੁਰਸ਼ ਬਾਬਾ ਸੁੱਖਾ ਸਿੰਘ ਜੀ ਭੂਰੀ ਵਾਲਿਆਂ ਨੇ ਕਿਸਾਨਾਂ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਜਥੇਬੰਦੀ ਦੇ ਸੂਬਾਈ ਪ੍ਰੈੱਸ ਸਕੱਤਰ ਹਰਜੀਤ ਸਿੰਘ ਰਵੀ ਅਤੇ ਸੂਬਾ ਕਮੇਟੀ ਮੈਂਬਰ ਪਰਮਜੀਤ ਸਿੰਘ ਬਾਗਾ ਅੰਗਰੇਜ ਸਿੰਘ ਚਾਟੀਵਿੰਡ ਜਥੇਦਾਰ ਬਲਵੰਤ ਸਿੰਘ ਪੰਡੋਰੀ ਨੇ ਕਿਹਾ ਕਿ ਇਸ ਅੰਦੋਲਨ ਵਿਚ ਸਮੂਹ ਲੋਕਾਂ ਨੇ ਆਪਣੀ ਸਮਰੱਥਾ ਨਾਲ ਅਹਿਮ ਯੋਗਦਾਨ ਪਾਇਆ ਜਿਸ ਸਦਕਾ ਇਹ ਕਿਸਾਨ ਅੰਦੋਲਨ ਲੋਕ ਅੰਦੋਲਨ ਵਿਚ ਤਬਦੀਲ ਹੋ ਕੇ ਵਿਸ਼ਵ ਵਿਆਪੀ ਹੋ ਨਿਬੜਿਆ ਅੱਜ ਦੇ ਇਸ ਸਮਾਗਮ ਵਿਚ ਜ਼ੋਨ ਪ੍ਰਧਾਨ ਮੰਗਲ ਸਿੰਘ ਰਾਮਪੁਰ ,ਪ੍ਰਧਾਨ ਨਿਸ਼ਾਨ ਸਿੰਘ ਵਿਰਕ ਜੰਡਿਆਲਾ ਗੁਰੂ,ਜਥੇਦਾਰ ਬਲਵੰਤ ਸਿੰਘ ਪੰਡੋਰੀ, ਪ੍ਰਗਟ ਸਿੰਘ ਘਗਣਸ ਜੰਡਿਆਲਾ ਗੁਰੂ, ਰਾਜਨਪ੍ਰੀਤ ਸਿੰਘ ਜੰਡਿਆਲਾ ਗੁਰੂ,ਸਤਿੰਦਰਬੀਰ ਸਿੰਘ ਹੁੰਦਲ, ਭੁਪਿੰਦਰ ਸਿੰਘ ਸਿੱਧੂ, ਗੋਪਾਲ ਸਿੰਘ ਮਨਜੋਤਰਾ, ਕੰਵਲਜੀਤ ਸਿੰਘ ਲਾਡੀ ਪੱਤਰਕਾਰ ਦੁਵਾਬਾ ਨਿਊਜ,ਪਰਗਟ ਸਿੰਘ ਪ੍ਰਾਈਮ ਨਿਊਜ, ਸਤਿੰਦਰ ਸਿੰਘ ਅਠਵਾਲ ਸਾਂਝੀ ਸੋਚ, ਸੁੱਖਵਿੰਦਰ ਸਿੰਘ ਗਿੱਲ ਵਤਨ ਦੀ ਮਿੱਟੀ,ਪਰਮਜੀਤ ਸਿੰਘ ਵਰਪਾਲ ਪ੍ਰਲਾਦ ਸਿੰਘ ਵਰਪਾਲ ਸੰਦੀਪ ਸਿੰਘ ਮਿੱਠਾ ਸਰਦਾਰ ਪਰਗਟ ਸਿੰਘ ਅੰਗਰੇਜ ਸਿੰਘ ਗੇਜਾ ਬਲਕਾਰ ਸਿੰਘ ਲਖਵਿੰਦਰ ਸਿੰਘ ਕਾਰਜ ਸਿੰਘ ਰਾਜਪਾਲ ਸਿੰਘ ਬਚਿੱਤਰ ਸਿੰਘ ਦਲੇਰ ਸਿੰਘ ਸ਼ੇਰਾ ਰਾਮਪੁਰਾ ਹਰਦੀਪ ਸਿੰਘ ਮਿੱਠਾ ਨਿਰਵੈਲ ਸਿੰਘ ਬਲਵਿੰਦਰ ਸਿੰਘ ਬਿੰਦਾ ਮਹਿੰਦਰ ਸਿੰਘ ਮਿੰਦਾ,ਅਰਸ਼ ਰਾਮਪੁਰ ਸਾਬੀ ਚਾਟੀਵਿੰਡ ਮੰਗਾਂ ਚਾਟੀਵਿੰਡ ਗੁਰਜੀਤ ਸਿੰਘ ਸੋਨੂੰ ਮਾਹਲ ਗੱਜਣ ਸਿੰਘ ਸਾਬਕਾ ਸਰਪੰਚ ਰਾਮਪੁਰਾ ਇਸ ਮੌਕੇ ਤੇ ਕਿਸਾਨ ਸੰਘਰਸ਼ ਕਮੇਟੀ ਪੰਜਾਬ ਆਗੂਆਂ ਅਤੇ ਸੰਤਾ ਮਹਾਪੁਰਸ਼ਾਂ ਵੱਲੋਂ ਪੱਤਰਕਾਰਾਂ ਨੂੰ ਬਾਬਾ ਦੀਪ ਸਿੰਘ ਜੀ ਦੀ ਫੋਟੋਆਂ 'ਤੇ ਸਿਰੋਪੇ ਪਾ ਕੇ ਸਨਮਾਨਿਤ ਕੀਤਾ ਗਿਆ।

# ਥਾਣਾ ਸਦਰ ਨਵਾਂਸ਼ਹਿਰ ਦੇ ਬਾਹਰ ਮੰਗਲਵਾਰ ਦੇਰ ਸ਼ਾਮ ਮ੍ਰਿਤਕ ਔਰਤ ਦੀ ਲਾਸ਼ ਨੂੰ ਰੱਖ ਕੇ ਮ੍ਰਿਤਕ ਦੇ ਵਾਰਸਾਂ ਨੇ ਥਾਣਾ ਸਦਰ ਨਵਾਂਸ਼ਹਿਰ ਦੇ ਬਾਹਰ ਧਰਨਾ ਦਿੱਤਾ



**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਥਾਣਾ ਸਦਰ ਨਵਾਂਸਹਿਰ ਦੇ ਬਾਹਰ ਮੰਗਲਵਾਰ ਦੇਰ ਸਾਮ ਮ੍ਰਿਤਕ ਔਰਤ ਦੀ ਲਾਸ ਨੂੰ ਰੱਖ ਕੇ ਮ੍ਰਿਤਕ ਦੇ ਵਾਰਸਾਂ ਨੇ ਥਾਣਾ ਸਦਰ ਨਵਾਂਸਹਿਰ ਦੇ ਬਾਹਰ ਧਰਨਾ ਦਿੱਤਾ। ਮੰਗਲਵਾਰ ਦੇਰ ਸਾਮ ਮ੍ਰਿਤਕ ਔਰਤ ਦੀ ਲਾਸ ਰੱਖ ਕੇ ਮੌਤ ਹੋ ਗਈ।ਪਰਿਵਾਰਕ ਮੈਂਬਰਾਂ ਵੱਲੋਂ ਧਰਨਾ ਦਿੱਤਾ ਗਿਆ ਅਤੇ ਪੁਲਸ ਖਿਲਾਫ ਜੰਮ ਕੇ ਨਾਅਰੇਬਾਜੀ ਕੀਤੀ ਗਈ। ਮ੍ਰਿਤਕ ਔਰਤ ਦੇ ਪਤੀ ਅਮਰੀਕ ਸਿੰਘ ਨੇ ਦੱਸਿਆ ਕਿ ਉਸ ਦੀ ਪਤਨੀ ਜਸਵੀਰ ਕੌਰ (40) ਨੂੰ ਥਾਣਾ ਸਦਰ ਨਵਾਂਸਹਿਰ ਦੀ ਪੁਲਸ ਨੇ ਸਵੇਰੇ 11 ਵਜੇ ਜ਼ਿ?ਲਾ ਹੁਸ਼ਿ?ਆਰਪੁਰ ਦੇ ਗੜ੍ਹਸੰਕਰ ਦੇ ਪਿੰਡ ਦੇਨੋਵਾਲ ਤੋਂ ਨਸਾ ਵੇਚਣ ਦੇ ਦੋਸ 'ਚ ਗ੍ਰਿਫਤਾਰ ਕੀਤਾ ਸੀ। ਦੁਪਹਿਰ ਤੱਕ ਉਹ ਆਪਣੀ ਪਤਨੀ ਨੂੰ ਲੱਭਦਾ ਰਿਹਾ ਪਰ ਉਸ ਦੀ ਪਤਨੀ ਦਾ ਪਤਾ ਨਹੀਂ ਲੱਗ ਸਕਿਆ। ਦੁਪਹਿਰ ਬਾਅਦ ਉਸ ਨੂੰ ਗੜ੍ਹਸੰਕਰ ਥਾਣੇ ਤੋਂ ਫੋਨ ਆਇਆ ਕਿ ਉਸ ਦੀ ਪਤਨੀ ਥਾਣਾ ਸਦਰ ਨਵਾਂਸਹਿਰ ਵਿੱਚ ਬੇਹੋਸ ਹੋ ਗਈ ਹੈ। ਜਿਸ ਤੋਂ ਬਾਅਦ ਜਦੋਂ ਉਹ ਥਾਣਾ ਸਦਰ ਨਵਾਂਸਹਿਰ ਪੁੱਜੇ ਤਾਂ ਪੁਲਿਸ ਵੱਲੋਂ ਦੱਸਿਆ ਗਿਆ ਕਿ ਉਸ ਦੀ ਪਤਨੀ ਬੇਹੋਸ ਹੋ ਗਈ ਹੈ, ਉਹ ਉਸ ਨੂੰ ਲੈ ਜਾਣ। ਜਦੋਂ ਉਹ ਜਸਵੀਰ ਕੌਰ ਨੂੰ ਇਲਾਜ ਲਈ ਸਹਿਰ ਦੇ ਨਿੱਜੀ ਹਸਪਤਾਲ ਲੈ ਕੇ ਗਏ ਤਾਂ ਡਾਕਟਰ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਡਾਕਟਰ ਨੇ ਦੱਸਿਆ ਕਿ ਉਸ ਦੀ ਦੋ ਘੰਟੇ ਪਹਿਲਾਂ ਮੌਤ ਹੋ ਗਈ ਸੀ। ਔਰਤ ਦੇ ਪਰਿਵਾਰਕ ਮੈਂਬਰਾਂ ਦਾ ਦੋਸ ਹੈ ਕਿ ਜਸਵੀਰ ਕੌਰ ਦੀ ਮੌਤ ਪੁਲੀਸ ਹਿਰਾਸਤ ਵਿੱਚ ਹੋਈ ਹੈ। ਰਿਸਤੇਦਾਰਾਂ ਦਾ ਕਹਿਣਾ ਹੈ ਕਿ ਉਹ ਉਦੋਂ ਤੱਕ ਧਰਨਾ ਨਹੀਂ ਚੁੱਕਣਗੇ ਜਦੋਂ ਤੱਕ ਸਬੰਧਤ ਪੁਲੀਸ ਮੁਲਾਜਮਾਂ ਖਿ?ਲਾਫ ਪਰਚਾ ਦਰਜ ਨਹੀਂ ਕੀਤਾ ਜਾਂਦਾ। ਡੀਐਸਪੀ ਸੁਰਿੰਦਰ ਚੰਦ ਦਾ ਕਹਿਣਾ ਹੈ ਕਿ ਫਿਲਹਾਲ ਉਹ ਇਸ ਮਾਮਲੇ ਵਿੱਚ ਕੁਝ ਨਹੀਂ ਕਹਿ ਸਕਦੇ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਜਗਦੀਪ ਗੋਲਡੀ ਨੇ ਦਿੱਲੀ ਤੋਂ ਪਰਤ ਰਹੇ ਕਿਸਾਨਾਂ ਦਾ ਗਰਮਜੋਸ਼ੀ ਨਾਲ ਕੀਤਾ ਸੁਆਗਤ



**ਜਲਾਲਾਬਾਦ/ਗੌਰਵ ਸਰਮਾ**

ਪਿਛਲੇ ਇਕ ਸਾਲ ਤੋਂ ਵੱਧ ਸਮੇਂ ਤੋਂ ਦਿੱਲੀ ਦੀਆਂ ਸਰਹੱਦਾਂ ਤੇ ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਸੰਘਰਸ਼ ਕਰ ਰਹੇ ਕਿਸਾਨਾਂ ਦੀ ਇਤਿਹਾਸਕ ਜਿੱਤ ਦੇ ਮਗਰੋਂ ਵੱਡੀ ਗਿਣਤੀ ਵਿੱਚ ਕਿਸਾਨਾਂ ਦਾ ਆਪਣੇ ਪਿੰਡਾਂ ਵੱਲ ਪਰਤਣਾ ਸ਼ੁਰੂ ਹੋਣ ਦੇ ਸਿਲਸਿਲੇ ਮਗਰੋਂ ਪੰਜਾਬ ਭਰ ਵਿੱਚ ਥਾਂ ਥਾਂ ਤੇ ਉਨ੍ਹਾਂ ਦੇ ਸਵਾਗਤ ਕੀਤਾ ਜਾ ਰਿਹਾ ਹੈ। ਇਸ ਦੇ ਤਹਿਤ ਵਿਧਾਨ ਸਭਾ ਹਲਕਾ ਜਲਾਲਾਬਾਦ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਜਗਦੀਪ ਕੰਬੋਜ ਗੋਲਡੀ ਦਿੱਲੀ ਦੀਆਂ ਸਰਹੱਦਾਂ ਤੋਂ ਪੰਜਾਬ ਆਪਣੇ ਘਰਾਂ ਵੱਲ ਪਰਤ ਰਹੇ ਕਿਸਾਨਾਂ ਦਾ ਸੁਆਗਤ ਕਰ ਰਹੇ ਹਨ। ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਵਰਕਰ ਹਲਕਾ ਇੰਚਾਰਜ ਜਗਦੀਪ ਗੋਲਡੀ ਦੀ ਅਗਵਾਈ ਵਿੱਚ ਇਨ੍ਹਾਂ ਕਿਸਾਨਾਂ ਤੇ ਫੁੱਲਾਂ ਦੀ ਵਰਖਾ ਕਰਕੇ ਕਿਸਾਨਾਂ ਨੂੰ ਨਿੱਘੀ ਜੀ ਆਇਆ ਨੂੰ ਕਹਿ ਰਹੇ ਹਨ। ਦੱਸਣਯੋਗ ਹੈ ਕਿ ਹਲਕਾ ਜਲਾਲਾਬਾਦ ਤੋਂ ਵੀ ਵੱਡੀ ਗਿਣਤੀ ਵਿੱਚ ਕਿਸਾਨ ਵੀਰਾਂ ਨੇ ਦਿੱਲੀ ਦੀਆਂ ਸਰਹੱਦਾਂ ਤੇ ਇਕ ਸਾਲ ਸੰਘਰਸ਼ ਦੌਰਾਨ ਵਧ ਚੜ੍ਹ ਕੇ ਸ਼ਮੂਲੀਅਤ ਕੀਤੀ ਸੀ। ਇਸੇ ਦੇ ਚਲਦਿਆਂ ਬੀਤੇ 2-3 ਦਿਨਾਂ ਤੋਂ ਕਿਸਾਨਾਂ ਦੀ ਹਲਕੇ ਵਿਚਲੇ ਆਪਣੇ ਘਰਾਂ ਵੱਲ ਆਮਦ ਸ਼ੁਰੂ ਹੋ ਗਈ ਹੈ। ਇਸ ਮੌਕੇ ਮੀਡੀਆ ਨਾਲ ਮੁਖ਼ਾਤਿਬ ਹੁੰਦਿਆਂ ਹਲਕਾ ਇੰਚਾਰਜ ਜਗਦੀਪ ਗੋਲਡੀ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਦਿੱਲੀ ਤੋਂ ਪਰਤ ਰਹੇ ਕਿਸਾਨਾਂ ਦੇ ਸੁਆਗਤ ਲਈ ਅਤੇ ਉਨ੍ਹਾਂ ਦੇ ਆਰਾਮ ਲਈ ਚਾਹ ਅਤੇ ਮਠਿਆਈਆਂ ਦੇ ਲੰਗਰ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਨਾ ਸਿਰਫ ਪੰਜਾਬ ਅਤੇ ਦੇਸ ਦੇ ਕਿਸਾਨਾਂ ਦੀ ਜਾਲਮ ਮੋਦੀ ਸਰਕਾਰ ਵਿਰੁੱਧ ਇਤਿਹਾਸਕ ਜਿੱਤ ਹੈ, ਸਗੋਂ ਇਹ ਜਿੱਤ ਆਉਣ ਵਾਲੀਆਂ ਪੀੜ੍ਹੀਆਂ ਲਈ ਉਤਸਾਹ ਅਤੇ ਦ੍ਰਿੜ ਇਰਾਦੇ ਦੀ ਮਿਸਾਲ ਬਣੀ ਹੈ। ਉਨ੍ਹਾਂ ਕਿਸਾਨਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉਤਸਾਹ ਅਤੇ ਜਜਬੇ ਨੂੰ ਸਲਾਮ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਪਿਛਲੇ ਇੱਕ ਸਾਲ ਵਿੱਚ 700 ਤੋਂ ਵੱਧ ਸਹੀਦ ਹੋਏ ਕਿਸਾਨਾਂ ਨੂੰ ਸਰਧਾਂਜਲੀ ਭੇਟ ਕੀਤੀ।

# ਲੁਧਿਆਣਾ ਪੂਰਵੀ 'ਚ ਮੁਸਲਮਾਨ ਕਬਰੀਸਤਾਨ ਲਈ ਦੋ ਏਕੜ ਜਗਾ ਅਤੇ ਤਿੰਨ ਕਰੋੜ ਰੁਪਏ ਮਨਜ਼ੂਰ : ਸੰਜੇ ਤਲਵਾੜ

■ ਸ਼ਾਹੀ ਇਮਾਮ ਮੌਲਾਨਾ ਉਸਮਾਨ, ਮੁਹੰਮਦ ਗੁਲਾਬ ਨੇ ਰੱਖਿਆ ਚਾਰਦੀਵਾਰੀ ਦਾ ਨੀਂਹ ਪੱਥਰ



**ਲੁਧਿਆਣਾ/ਕਰਨ ਅਗਰਵਾਲ**

ਹਲਕਾ ਪੂਰਵੀ 'ਚ ਅੱਜ ਮੁਸਲਮਾਨ ਸਮੁਦਾਏ ਲਈ ਲੁਧਿਆਣਾ ਨਗਰ ਨਿਗਮ ਵੱਲੋਂ ਅਲਾਟ ਕੀਤੀ ਗਈ ਦੋ ਏਕੜ ਜਮੀਨ ਦਾ ਕਬਜ਼ਾ ਮੁਸਲਮਾਨਾਂ ਨੂੰ ਦੇ ਦਿੱਤਾ ਗਿਆ ਅਤੇ ਕਬਰੀਸਤਾਨ ਦੀ ਚਾਰਦੀਵਾਰੀ ਅਤੇ ਕੂੜੇ ਦੇ ਡੰਪ ਨੂੰ ਸ਼ਿਫਟ ਕਰਣ ਲਈ ਤਿੰਨ ਕਰੋੜ ਰੁਪਏ ਵੀ ਮਨਜ਼ੂਰ ਕਰ ਦਿੱਤੇ ਗਏ ਹਨ, ਇਹ ਜਾਣਕਾਰੀ ਅੱਜ ਟਿੱਬਾ ਰੋਡ 'ਤੇ ਮੁਸਲਿਮ ਕਬਰੀਸਤਾਨ ਦੀ ਚਾਰਦੀਵਾਰੀ ਦਾ ਨੀਂਹ ਰੱਖਦੇ ਹੋਏ ਹਲਕਾ ਪੂਰਵੀ ਦੇ ਵਿਧਾਇਕ ਸ਼੍ਰੀ ਸੰਜੈ ਤਲਵਾੜ ਨੇ ਦਿੱਤੀ। ਇਸ ਮੌਕੇ 'ਤੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਹੀ ਇਮਾਮ ਪੰਜਾਬ ਮੌਲਾਨਾ ਮੁਹੰਮਦ ਉਸਮਾਨ ਲੁਧਿਆਣਵੀ, ਪੰਜਾਬ ਸਰਕਾਰ ਦੇ ਵਾਇਸ ਚੇਅਰਮੈਨ ਮੁਹੰਮਦ ਗੁਲਾਬ ਅਤੇ ਸ਼ਾਹੀ ਇਮਾਮ ਦੇ ਮੁੱਖ ਸਕੱਤਰ ਮੁਹੰਮਦ ਮੁਸਤਕੀਮ ਅਤੇ ਹੋਰ ਮੌਜੂਦ ਸਨ। ਵਿਧਾਇਕ ਤਲਵਾੜ ਨੇ ਕਿਹਾ ਕਿ ਉਨਾਂ ਆਪਣੇ ਹਲਕੇ 'ਚ ਵਿਕਾਸ ਕੰਮਾਂ 'ਚ ਸਾਰੇ ਧਰਮਾਂ ਦੇ ਲੋਕਾਂ ਦੀ ਇੱਛਾ ਮੁਤਾਬਕ ਕੰਮ ਕੀਤਾ ਹੈ। ਸੰਜੇ ਤਲਵਾੜ ਨੇ ਕਿਹਾ ਕਿ ਮੈਂ ਸ਼ਾਹੀ ਇਮਾਮ ਸਾਹਿਬ ਦਾ ਧੰਨਵਾਦੀ ਹਾਂ ਜਿਨਾਂ ਨੇ ਵਾਰ-ਵਾਰ ਇਸ ਕੰਮ ਨੂੰ ਕਰਨ ਲਈ ਆਪਣਾ ਯੋਗਦਾਨ ਦਿੱਤਾ। ਉਨਾਂ ਕਿਹਾ ਕਿ ਇਸ ਕਬਰੀਸਤਾਨ ਦੀ ਜਗਾ ਨੂੰ ਲੈ ਕੇ ਵਿਰੋਧੀਆਂ ਨੇ ਜੋ ਵੀ ਇਲਜਾਮ ਲਗਾਏ ਹਨ ਉਹ ਸੱਭ ਬੇਬੁਨਿਆਦ ਹਨ, ਉਨਾਂ ਦਾ ਮਕਸਦ ਝੂਠ ਬੋਲ ਕੇ ਸਿਆਸੀ ਰੋਟੀਆਂ ਸੇਕਣਾ ਸੀ ਜੇਕਰ ਉਨਾਂ ਨੂੰ ਸੱਚ 'ਚ ਇਸ ਕੰਮ ਨੂੰ ਲੈ ਕੇ ਫਿਕਰ ਹੁੰਦੀ ਤਾਂ ਚਾਰ ਸਾਲ ਪਹਿਲਾਂ ਹੀ ਧਰਨਾ ਪ੍ਰਦਰਸ਼ਨ ਕਰਦੇ ਲੇਕਿਨ ਉਨਾਂ ਨੇ ਅਜਿਹਾ ਨਹੀਂ ਕੀਤਾ। ਸ਼੍ਰੀ ਤਲਵਾੜ ਨੇ ਦੱਸਿਆ ਕਿ ਇਸ ਕਬਰੀਸਤਾਨ ਨੂੰ ਮੁਸਲਮਾਨ ਸਮੁਦਾਏ ਦੇ ਸਪੁਰਦ ਕਰਨ ਲਈ ਸ਼ਾਹੀ ਇਮਾਮ ਮੌਲਾਨਾ ਉਸਮਾਨ,ਮੁਹੰਮਦ ਗੁਲਾਬ ਜੀ ਅਤੇ ਮੁਸਤਕੀਮ ਭਾਈ ਅਤੇ ਮੇਰੇ ਹਲਕੇ ਦੇ ਮੁਸਲਮਾਨ ਸਾਥੀਆਂ ਦਾ ਬਹੁਤ ਵੱਡਾ ਯੋਗਦਾਨ ਹੈ। ਇਹਨਾਂ ਨੇ ਇਸ ਸਬੰਧ 'ਚ ਵਾਰ-ਵਾਰ ਪ੍ਰਸ਼ਾਸਨ ਵੱਲੋਂ ਕੰਮ ਕਰਵਾਇਆ ਗਿਆ। ਇਸ ਮੌਕੇ 'ਤੇ ਸ਼ਾਹੀ ਇਮਾਮ ਪੰਜਾਬ ਮੌਲਾਨਾ ਮੁਹੰਮਦ ਉਸਮਾਨ ਲੁਧਿਆਣਵੀ ਨੇ ਕਿਹਾ ਕਿ ਖੁਦਾ ਦਾ ਸ਼ੁਕਰ ਹੈ ਕਿ ਲੁਧਿਆਣਾ ਦੇ ਮੁਸਲਮਾਨਾਂ ਦੀ ਸੱਭ ਨਾਲੋਂ ਜਰੂਰੀ ਮੰਗ ਅੱਜ ਪੂਰੀ ਹੋ ਗਈ ਹੈ। ਉਨਾਂ ਕਿਹਾ ਕਿ ਸਾਡਾ ਮਕਸਦ ਕੌਮੀ ਹੈ ਸਿਆਸੀ ਨਹੀਂ, ਇਸ ਲਈ ਅੱਲਾ ਦੀ ਮਦਦ ਨਾਲ ਕਾਮਯਾਬੀ ਹਾਸਲ ਹੁੰਦੀ ਹੈ। ਵਾਇਸ ਚੇਅਰਮੈਨ ਪੰਜਾਬ ਸਰਕਾਰ ਮੁਹੰਮਦ ਗੁਲਾਬ ਨੇ ਕਿਹਾ ਕਿ ਅਸੀ ਧੰਨਵਾਦੀ ਹਾਂ ਪੰਜਾਬ ਸਰਕਾਰ ਦੇ ਵਿਧਾਇਕ ਸੰਜੈ ਤਲਵਾੜ ਜੀ ਅਤੇ ਸ਼ਾਹੀ ਇਮਾਮ ਮੌਲਾਨਾ ਉਸਮਾਨ ਜੀ ਦੇ, ਜਿਨਾਂ ਨੇ ਕਬਰੀਸਤਾਨ ਦੀ ਜਗਾ ਅਤੇ ਤਿੰਨ ਕਰੋੜ ਦਾ ਬਜਟ ਮਨਜ਼ੂਰ ਕਰਵਾਇਆ ਹੈ। ਮੁਹੰਮਦ ਗੁਲਾਬ ਨੇ ਕਿਹਾ ਕਿ ਸਾਰੇ ਘੱਟ ਗਿਣਤੀ ਆਪਣੇ ਹਲਕੇ ਦੇ ਵਿਧਾਇਕ ਸੰਜੇ ਤਲਵਾੜ ਦੇ ਧੰਨਵਾਦੀ ਹਨ। ਵਰਣਨਯੋਗ ਹੈ ਕਿ ਇਸ ਮੌਕੇ 'ਤੇ ਵਿਧਾਇਕ ਸੰਜੈ ਤਲਵਾੜ ਨੇ ਮੁਸਲਿਮ ਕਬਰੀਸਤਾਨ ਕਮੇਟੀ ਨੂੰ ਇੱਕ ਸ਼ਵ ਵਾਹਨ, ਇੱਕ ਐਂਬੁਲੇਂਸ ਅਤੇ ਡੀ. ਫਰਿਜਰ ਦੇਣ ਦਾ ਐਲਾਨ ਕੀਤਾ। ਇਸ ਮੌਕੇ 'ਤੇ ਏਆਈਸੀਸੀ ਇੰਚਾਰਜ ਫਿਰੋਜ ਖਾਨ, ਕੌਂਸਲਰ ਹਰਜਿੰਦਰ ਪਾਲ ਲਾਲੀ , ਕੁਲਦੀਪ ਜੰਡਾ, ਹੈਪੀ ਰੰਧਾਵਾ, ਸਤੀਸ਼ ਮਲਹੋਤਰਾ, ਸਰਬਜੀਤ ਸਿੰਘ, ਡਾ. ਨਰੇਸ਼ ਉੱਪਲ, ਵਰਿੰਦਰ ਸਹਿਗਲ, ਇਨਾਮ ਮਲਿਕ, ਹਾਜੀ ਨੌਸ਼ਾਦ, ਮਾਸਟਰ ਆਫਤਾਬ ਆਲਮ , ਮੁਹੰਮਦ ਸਾਜਿਦ, ਮੁਹੰਮਦ ਖਲੀਲ ਸ਼ੇਰਪੁਰ, ਮੁਹੰਮਦ ਨਾਜਿਮ ਸਲਮਾਨੀ , ਇਰਸ਼ਾਦ ਮਲਿਕ, ਮੁਫਤੀ ਆਰਿਫ, ਕਾਰੀ ਮੁਜਾਹਿਦ ਆਲਮ, ਕਾਰੀ ਕਾਸਿਮ, ਮੁਹੰਮਦ ਸ਼ਮੀਮ, ਜਹਾਂਗੀਰ ਮਲਿਕ, ਮੁਬੀਨ ਅਹਿਮਦ ( ਬੌਬੀ ), ਮੁਹੰਮਦ ਮਾਰੂਫ, ਖਾਲਿਦ ਰਜ਼ਾ ਅਤੇ ਹੋਰ ਮੌਜੂਦ ਸਨ।

# ਇੰਜੀਨੀਅਰ ਵੱਲੋਂ ਭੁੱਖ ਹੜਤਾਲੀ ਕੈਂਪ ਵਿੱਚ ਰੋਸ ਰੈਲੀ 20 ਦਸੰਬਰ ਨੂੰ



**ਪਟਿਆਲਾ/ਜਗਦੀਸ ਰਾਈਕਾ**

ਪੰਜਾਬ ਸਰਕਾਰ ਵੱਲੋਂ ਨਵ ਨਿਯੁਕਤ ਮੁਲਾਜਮਾਂ ਦੇ ਪਰਖਕਾਲ ਸਮੇਂ ਦਾ ਏਰੀਅਰ ਨਾ ਦੇਣ ਦੇ ਪੱਤਰ ਜਾਰੀ ਕਰਨ ਦੇ ਫੈਸਲੇ ਦੀ ਕੌਂਸਲ ਆਫ ਡਿਪਲੋਮਾ ਇੰਜੀਨੀਅਰ ਪੰਜਾਬ ਵੱਲੋਂ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਸੰਘਰਸ਼ ਨੂੰ ਹੋਰ ਤੇਜ ਕਰਨ ਦਾ ਫੈਸਲਾ ਕੀਤਾ ਹੈ। ਇਸ ਸਬੰਧੀ ਪੱਕੇ ਮੋਰਚੇ ਤੋਂ ਪਰਤਦੇ ਹੋਏ ਕੌਂਸਲ ਦੇ ਚੇਅਰਮੈਨ ਸੁਖਮਿੰਦਰ ਸਿੰਘ ਲਵਲੀ ਅਤੇ ਜਨਰਲ ਸਕੱਤਰ ਦਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਜੇ.ਈ./ਏ.ਈ. ਦਾ ਗਰੇਡ ਪੇ ਰੁਤਬਾ 4800 ਰੁਪਏ ਬਹਾਲ ਅਤੇ ਪੈਟਰੋਲ ਭੱਤਾ ਬਹਾਲ ਕਰਕੇ ਦੁੱਗਣਾ ਕਰਨ ਲਈ ਦੋ ਦਸੰਬਰ ਤੋਂ ਲਗਾਤਾਰ ਮੁਹਾਲੀ ਚੰਡੀਗੜ੍ਹ ਬਾਰਡਰ ਤੇ ਭੁੱਖ ਹੜਤਾਲ ਤੇ ਪੱਕਾ ਮੋਰਚਾ ਚੱਲ ਰਿਹਾ ਹੈ। ਪੰਜਾਬ ਦੇ ਮੁੱਖ ਮੰਤਰੀ ਸ੍ਰ. ਚਰਨਜੀਤ ਸਿੰਘ ਚੰਨੀ ਵੱਲੋਂ ਕੌਂਸਲ ਦੀ ਲੀਡਰਸ਼ਿਪ ਨਾਲ ਪੰਜਾਬ ਭਵਨ ਵਿੱਚ ਗੱਲਬਾਤ ਕੀਤੀ ਗਈ ਸੀ ਅਤੇ ਯਕੀਨ ਦੁਆਇਆ ਸੀ ਕਿ ਪੰਜਾਬ ਦੇ ਇੰਜੀਨੀਅਰਾਂ ਦੇ ਮਸਲੇ ਹੱਲ ਕੀਤੇ ਜਾਣਗੇ ਅਤੇ ਉਨ੍ਹਾਂ ਵੱਲੋਂ ਵਿਕਾਸ ਦੇ ਕੰਮਾਂ ਦੇ ਬਾਈਕਾਟ ਨੂੰ ਵਾਪਸ ਲੈਣ ਲਈ ਕੌਂਸਲ ਦੀ ਲੀਡਰਸ਼ਿਪ ਨੂੰ ਕਿਹਾ ਸੀ। ਜਿਸ ਉਪਰੰਤ ਕੌਂਸਲ ਵੱਲੋਂ ਕੰਮਾਂ ਦੇ ਬਾਈਕਾਟ ਅਤੇ ਜਿਲਾ ਪੱਧਰੀ ਧਰਨਿਆਂ ਦਾ ਸਿਲਸਿਲਾ ਖਤਮ ਕਰਦੇ ਹੋਏ ਸਿਰਫ ਮੁਹਾਲੀ ਭੁੱਖ ਹੜਤਾਲ ਨੂੰ ਲਗਾਤਾਰ ਚਲਾਇਆ ਜਾ ਰਿਹਾ ਹੈ। ਕੌਂਸਲ ਦੇ ਸਟੇਟ ਆਗੂਆਂ ਕਰਮਜੀਤ ਸਿੰਘ ਬੀਹਲਾ ਤੇ ਕਮਰਜੀਤ ਸਿੰਘ ਮਾਨ ਨੇ ਕਿਹਾ ਕਿ ਜੇਕਰ ਹੋਏ ਵਾਅਦੇ ਅਨੁਸਾਰ ਫੈਸਲੇ ਨਾ ਕੀਤੇ ਗਏ ਤਾਂ ਸੰਘਰਸ਼ ਨੂੰ ਹੋਰ ਤੇਜ ਕਰਦੇ 20 ਦਸੰਬਰ ਨੂੰ ਮੁਹਾਲੀ ਵਿਖੇ ਮੁੜ ਸੂਬਾ ਪੱਧਰੀ ਰੋਸ ਰੈਲੀ ਤੇ ਮਾਰਚ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਰਿੰਦਰ ਕੁਮਾਰ ਤੇ ਕੁਲਜੀਤ ਸਿੰਘ ਪਟਿਆਲਾ, ਗੁਰਜੀਤ ਸਿੰਘ ਤੇ ਕਰਮਜੀਤ ਸਿੰਘ ਖੋਖਰ ਵੀ ਹਾਜਰ ਸਨ।

# ਸੈਂਟਰ ਦੀ ਸਰਕਾਰ ਨਾਲ ਹੱਕਾਂ ਦੀ ਜੰਗ ਜਿੱਤ ਪੰਜਾਬ ਪਰਤੇ ਕਿਸਾਨਾਂ ਦਾ ਲਾਡੀ ਢੋਸ ਨੇ ਕੀਤਾ ਸਵਾਗਤ



**ਮੋਗਾ/ਧਰਮਕੋਟ ਦਵਿੰਦਰ ਸਿੰਘ ਬਿੱਟੂ**

ਪਿਛਲੇ ਇੱਕ ਸਾਲ ਤੋਂ ਸੈਂਟਰ ਸਰਕਾਰ ਨਾਲ ਹੱਕਾਂ ਦੀ ਜੰਗ ਲੜ ਰਹੇ ਕਿਸਾਨਾਂ ਦੀ ਆਖਰ ਜਿੱਤ ਹੋਏ ਹੈ ਅਤੇ ਕਿਸਾਨ ਵੀਰ ਆਪੋ ਆਪਣੇ ਘਰਾਂ ਨੂੰ ਪਰਤ ਰਹੇ ਹਨ।ਜਗ੍ਹਾ ਜਗ੍ਹਾ ਤੇ ਪੰਜਾਬ ਵਾਸੀਆਂ ਵੱਲੋਂ ਕਿਸਾਨ ਵੀਰਾਂ ਦਾ ਭਰਵਾਂ ਸਵਾਗਤ ਹੋ ਰਿਹਾ ਹੈ ਕੀਤੇ ਫੁੱਲਾਂ ਦੀ ਵਰਖਾ ਅਤੇ ਕੀਤੇ ਪਟਾਕਿਆਂ ਦੀ ਗੂੰਜ ਵਿੱਚ ਢੋਲ ਤੇ ਭੰਗੜੇ ਪੈ ਰਹੇ ਹਨ।ਹਲਕਾ ਧਰਮਕੋਟ ਤੋਂ ਆਪ ਦੇ ਹਲਕਾ ਇੰਚਾਰਜ ਦਵਿੰਦਰਜੀਤ ਸਿੰਘ ਲਾਡੀ ਢੋਸ ਵੱਲੋਂ ਵੀ ਆਵਦੇ ਹਲਕੇ ਦੇ ਕਿਸਾਨਾਂ ਦਾ ਦਿੱਲੀ ਤੋਂ ਵਾਪਿਸ ਪਰਤਣ ਤੇ ਭਰਵਾ ਸਵਾਗਤ ਕੀਤਾ ਗਿਆ।ਇਸ ਮੌਕੇ ਓਹਨਾਂ ਗੱਲਬਾਤ ਦੌਰਾਨ ਓਹਨਾਂ ਦੱਸਿਆ ਕੇ ਕਿਸਾਨਾਂ ਦੀ ਜਿੱਤ ਸਚਾਈ ਦੀ ਜਿੱਤ ਹੈ।ਕਦੇ ਅੱਤਵਾਦੀ ਕਦੇ ਵੱਖਵਾਦੀ ਅਤੇ ਕਦੇ ਪਾਕਿਸਤਾਨੀ ਏਜੰਟ ਕਹਿ ਕੇ ਨੈਸਨਲ ਮੀਡੀਆ ਅਤੇ ਕੁੱਝ ਮੁੱਠੀ ਭਰ ਲੋਕਾਂ ਦੁਆਰਾ ਕਿਸਾਨਾਂ ਨੂੰ ਬਦਨਾਮ ਕਰਨ ਦੀਆਂ ਕੋਝੀਆਂ ਕੋਸ?ਿਸਾਂ ਲਗਾਤਾਰ ਕੀਤੀਆਂ ਗਈਆਂ ਸਨ। ਪਰ ਇਹ ਸਾਰੇ ਸਰਕਾਰੀ ਸਹਿ ਪ੍ਰਾਪਤ ਅਮਲੇ ਖਿਲਾਫ ਕਿਸਾਨ ਵੀਰ ਬੜੇ ਹੀ ਸਬਰ ਅਤੇ ਸੂਝ ਬੂਝ ਨਾਲ ਡਟੇ ਰਹੇ ਅਤੇ ਆਵਦਾ ਅਸਲ ਮਕਸਦ ਨਹੀਂ ਭੁੱਲੇ।ਓਹਨਾਂ ਕਿਹਾ ਕੇ ਪੰਜਾਬ ਇਸ ਜੰਗ ਵਿੱਚ ਮੋਹਰੀ ਬਣ ਕੇ ਲੜਿਆ ਹੈ ਅਤੇ ਇਹ ਸਾਬਤ ਕੇ ਦਿੱਤਾ ਹੈ ਕੇ ਪੰਜਾਬ ਦਾ ਖੂਨ ਹਮੇਸਾਂ ਤੋਂ ਜਬਰ ਤੇ ਜੁਲਮ ਖਿਲਾਫ ਡਟਦਾ ਰਿਹਾ ਹੈ ਅਤੇ ਡਟਦਾ ਰਹੇਗਾ।ਇਹ ਅੰਦੋਲਨ ਪੰਜਾਬ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੇਧ ਦੇ ਕੇ ਜਾਏਗੀ ਅਤੇ ਆਉਣ ਵਾਲੀ ਨਸਲ ਹਮੇਸਾ ਯਾਦ ਰੱਖੇਗੀ ਕੇ ਕਿਸ ਤਰਾਂ ਸਾਡੇ ਨੌਜਵਾਨ,ਬਜੁਰਗ,ਮਾਵਾਂ ਅਤੇ ਭੈਣਾਂ ਨੇ ਇੱਕ ਮੁੱਠ ਹੋ ਕੇ ਹੱਕੀ ਲੜਾਈ ਵਿੱਚ ਯੋਗਦਾਨ ਪਾਇਆ ਸੀ ਅਤੇ ਕੁਰਬਾਨੀਆਂ ਦੇ ਕੇ ਵੀ ਆਵਦੇ ਸਿਦਕ ਤੋਂ ਨਹੀਂ ਹਿੱਲੇ।ਅਸੀਂ ਓਹਨਾਂ ਦੇ ਇਸ ਜਜਬੇ ਨੂੰ ਸਲਾਮ ਕਰਦੇ ਹਨ ਸਮੂਹ ਆਮ ਆਦਮੀ ਪਾਰਟੀ ਸਹੀਦ ਹੋਏ ਕਿਸਾਨਾਂ ਦੀ ਆਤਮਾਂ ਦੀ ਸਾਂਤੀ ਦੀ ਅਰਦਾਸ ਕਰਦੀ ਹੈ।

## ਕਿਸਾਨਾਂ ਦੀ ਹਿੰਮਤ ਅਤੇ ਕੁਰਬਾਨੀ ਨਾ ਭੁੱਲਣਯੋਗ - ਲਾਡੀ ਢੋਸ

# ਜਲੰਧਰ ਜੰਮੂ ਹਾਈਵੇ ਤੇ ਪਠਾਨਕੋਟ ਦੇ ਸਿੱਧੂ ਧਰਮਕੰਡੇ ਨੇੜੇ ਪਾਰਕਿੰਗ ਵਿੱਚ ਖੜਾ ਟਰੱਕ ਹੋਇਆ ਚੋਰੀ

**ਪਠਾਨਕੋਟ/ਰਜਨੀਸ਼ ਕਾਲੂ :** ਜਲੰਧਰ ਜੰਮੂ ਹਾਈਵੇ ਤੇ ਸਥਿਤ ਪਠਾਨਕੋਟ ਦੇ ਸੰਧੂ ਧਰਮਕੰਡੇ ਦੇ ਨੇੜੇ ਪਾਰਕਿੰਗ ਵਿੱਚ ਖੜੇ ਟਰੱਕ ਦੇ ਚੋਰੀ ਹੋਣ ਦਾ ਮਾਮਲਾ ਸਾਮਣੇ ਆਇਆ ਹੈ। ਪਠਾਨਕੋਟ ਦੀ ਥਾਣਾ ਡਿਵੀਜ਼ਨ ਨੰਬਰ 2 ਦੀ ਪੁਲਿਸ ਨੂੰ ਦਿੱਤੇ ਆਪਣੇ ਲਿਖਿਤ ਬਿਆਨਾਂ ਵਿੱਚ ਮੁਦੇਈ ਸਤੀਸ਼ ਕੁਮਾਰ ਪੁੱਤਰ ਸੁਰਿੰਦਰ ਪਾਲ ਵਾਸੀ ਸ਼ਕਤੀ ਮਾਡਲ ਸਕੂਲ ਕਠੂਆ (ਜੰਮੂ ਅਤੇ ਕਸ਼ਮੀਰ) ਨੇ ਦੱਸਿਆ ਕਿ ਮੇਰਾ ਟਾਟਾ ਐਲਪੀਟੀ ਟਰੱਕ ਨੰਬਰ ਐਚ. ਪੀ 97 - 3750 ਨੂੰ ਮੇਰਾ ਡਰਾਈਵਰ ਸੁਰਿੰਦਰ ਕੁਮਾਰ ਪੁੱਤਰ ਰਤਨ ਚੰਦ ਵਾਸੀ ਪਿੰਡ ਤਾਰਾਗੜ੍ਹ ਜਿਲ੍ਹਾ ਪਠਾਨਕੋਟ 6 ਦਿਸੰਬਰ 2021 ਨੂੰ ਹਾਈਵੇ-1 ਦੀ ਪਾਰਕਿੰਗ ਨੇੜੇ ਸਿੱਧੂ ਧਰਮਕੰਡਾ ਪਠਾਨਕੋਟ ਵਿੱਖੇ ਲਗਾ ਕੇ ਗਿਆ ਸੀ ਜਦੋਂ 8 ਦਿਸੰਬਰ 2021 ਨੂੰ ਆ ਕੇ ਦੇਖਿਆ ਤਾਂ ਟਰੱਕ ਉੱਥੇ ਨਹੀਂ ਸੀ। ਜਿਸ ਨੂੰ ਕੋਈ ਨਾਮਾਲੂਮ ਵਿਅਕਤੀ ਚੋਰੀ ਕਰਕੇ ਲੈ ਗਿਆ ਹੈ ਤੇ ਨਾਮਾਲੂਮ ਵਿਅਕਤੀ ਖਿਲਾਫ ਮੁਕਦਮਾ ਨੰਬਰ 180 ਮਿਤੀ 13-12-21 ਨੂੰ ਆਈਪੀਸੀ 379 ਤਹਿਤ ਕੇਸ ਰਜਿਸਟਰਡ ਕਰ ਲਿਆ ਹੈ।

# ਪਿੰਡ ਵਾਸੀਆਂ ਵੱਲੋਂ ਕਿਸਾਨਾਂ ਦਾ ਭਰਵਾਂ ਸਵਾਗਤ



**ਮੋਗਾ/ਧਰਮਕੋਟ ਦਵਿੰਦਰ ਸਿੰਘ ਬਿੱਟੂ**

ਪਿਛਲੇ ਇੱਕ ਸਾਲ ਤੋਂ ਸੈਂਟਰ ਸਰਕਾਰ ਨਾਲ ਹੱਕਾਂ ਦੀ ਜੰਗ ਲੜ ਰਹੇ ਕਿਸਾਨਾਂ ਦੀ ਆਖਰ ਜਿੱਤ ਹੋਈ ਹੈ ਅਤੇ ਕਿਸਾਨ ਵੀਰ ਆਪੋ ਆਪਣੇ ਘਰਾਂ ਨੂੰ ਪਰਤ ਰਹੇ ਹਨ।ਜਗ੍ਹਾ ਜਗ੍ਹਾ ਤੇ ਪੰਜਾਬ ਵਾਸੀਆਂ ਵੱਲੋਂ ਕਿਸਾਨ ਵੀਰਾਂ ਦਾ ਭਰਵਾਂ ਸਵਾਗਤ ਹੋ ਰਿਹਾ ਹੈ ਕਿਤੇ ਫੁੱਲਾਂ ਦੀ ਵਰਖਾ ਅਤੇ ਕਿਤੇ ਪਟਾਕਿਆਂ ਦੀ ਗੂੰਜ ਵਿੱਚ ਢੋਲ ਤੇ ਭੰਗੜੇ ਪੈ ਰਹੇ ਹਨ।ਇਸੇ ਤਰ੍ਹਾਂ ਪਿੰਡ ਕੜਿਆਲ ਵਿਖੇ ਕਿਸਾਨਾਂ ਦਾ ਪਿੰਡ ਪਰਤਣ ਤੇ ਦੋਨੋਂ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਸਰਪੰਚ ਰੁਪਿੰਦਰਜੀਤ ਸਿੰਘ ਧਾਲੀਵਾਲ ਅਤੇ ਸਰਪੰਚ ਸੁਰਜੀਤ ਸਿੰਘ ਸੂਬੇਦਾਰ ਅਤੇ ਸਮੂਹ ਪਿੰਡ ਵਾਸੀਆਂ ਵੱਲੋਂ ਕਿਸਾਨਾਂ ਦਾ ਭਰਵਾ ਸਵਾਗਤ ਕੀਤਾ ਗਿਆ। ਸਮੂਹ ਪਿੰਡ ਵਾਸੀਆਂ ਨੇ ਕਿਸਾਨਾਂ ਦੇ ਨਾਲ ਜਾ ਕੇ ਗੁਰਦੁਆਰਾ ਸਾਹਿਬ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਮੱਥਾ ਟੇਕਿਆ ਤੇ ਬਾਅਦ ਵਿਚ ਤਪ ਅਸਥਾਨ ਤੇ ਜਾ ਕੇ ਬਾਬਾ ਪਵਨਦੀਪ ਸਿੰਘ ਜੀ ਕੋਲੋਂ ਅਸ਼ੀਰਵਾਦ ਲਿਆ ਕਿਸਾਨ ਅੰਦੋਲਨ ਦੀ ਜਿੱਤ ਦੀ ਖੁਸ਼ੀ ਵਿਚ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਕਰਵਾਉਣ ਲਈ ਵਿਚਾਰ ਕੀਤੀ ਗਈ ਇਸ ਮੌਕੇ ਪਿੰਡ ਵਾਸੀਆਂ ਨੇ ਕਿਹਾ ਕਿ ਕਿਸਾਨ ਅੰਦੋਲਨ ਵਿਚ ਐਨ ਆਰ ਆਈ ਭਰਾਵਾਂ ਦਾ ਬਹੁਤ ਵੱਡਾ ਸਹਿਯੋਗ ਰਿਹਾ ਹੈ ਜਿਸ ਵਿਚ ਗੁਰਪ੍ਰੀਤ ਸਿੰਘ ਧਾਲੀਵਾਲ ਕੈਲਗਰੀ ਸੁਤਿਦਰ ਧਾਲੀਵਾਲ ਆਸਟ੍ਰੇਲੀਆ ਕੰਵਲਜੀਤ ਸਿੰਘ ਸੇਖੋਂ ਕਨੇਡਾ ਸੇਵਕ ਸੇਖੋਂ ਮਨੀਲਾ ਤੋਂ ਇਲਾਵਾ ਪਿੰਡ ਵਾਸੀਆਂ ਦਾ ਪੂਰਾ ਸਹਿਯੋਗ ਰਿਹਾ ਸੁੱਖਾ ਕੜ?ਿਆਲ ਕਬੱਡੀ ਕੁਮੈਂਟਰ ਅਤੇ ਕੁਲਵਿੰਦਰ ਸਿੰਘ ਗਿੱਲ ਆੜ੍ਹਤੀਆਂ ਵੱਲੋਂ ਕਿਸਾਨਾਂ ਲਈ ਟਰੈਕਟਰ ਟਰਾਲੀਆਂ ਦਾ ਵਿਸ਼ੇਸ਼ ਤੌਰ ਤੇ ਪ੍ਰਬੰਧ ਕੀਤਾ ਗਿਆ।

# ਪਿੰਗਲਵਾੜਾ ਪਰਿਵਾਰ ਵਲੋਂ ਜੇਤੂ ਕਿਸਾਨਾਂ ਦਾ ਸਵਾਗਤ



**ਲੁਧਿਆਣਾ/ਕਰਨੈਲ ਸਿੰਘ ਐੱਮ.ਏ.**

ਕਿਸਾਨ ਮੋਰਚੇ ਵਿਚ ਜਿੱਤ ਪ੍ਰਾਪਤ ਕਰਕੇ ਕਿਸਾਨ ਲੀਡਰ ਫਤਿਹ ਮਾਰਚ ਸਮੇਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਆਏ। ਇਸ ਮੌਕੇ ਪਿੰਗਲਵਾੜਾ ਮਾਨਾਂਵਾਲਾ ਦੇ ਸਾਰੇ ਸਕੂਲੀ ਬੱਚਿਆਂ ਦੇ ਬੈਂਡ, ਗਤਕਾ ਪਾਰਟੀ ਅਤੇ ਸਮੂੰਹ ਬੱਚਿਆਂ ਨੇ ਆਪਣੇ ਟੀਚਰਾਂ ਦੀ ਅਗਵਾਈ ਵਿਚ ਕਿਸਾਨ ਏਕਤਾ ਦੇ ਨਾਅਰੇ ਲਗਾਉਂਦੇ ਹੋਏ ਪੂਰੇ ਫਤਿਹ ਮਾਰਚ ਦਾ ਸਵਾਗਤ ਕੀਤਾ।ਸਕੂਲੀ ਬੱਚਿਆਂ ਨੇ ਹੱਥਾਂ ਵਿਚ ਕਿਸਾਨ ਮੋਰਚੇ ਸਬੰਧੀ ਬੈਨਰ ਅਤੇ ਤਖਤੀਆਂ ਫੜੀਆਂ ਹੋਈਆਂ ਸਨ। ਇਸ ਜੇਤੂ ਮਾਰਚ ਵਿਚ ਪਿੰਗਲਵਾੜਾ ਸੰਸਥਾ ਦੇ ਸਾਰੇ ਵਿਦਿਅਕ ਅਦਾਰਿਆਂ ਦੇ ਵਿਦਿਆਰਥੀ ਤੇ ਸੰਸਥਾ ਦੀਆਂ ਸਾਰੀਆਂ ਬ੍ਰਾਂਚਾਂ ਤੋਂ ਸੈਂਕੜੇ ਮੁਲਾਜ਼ਮ ਸ਼ਾਮਿਲ ਹੋਏ। ਮਾਨਾਂਵਾਲਾ ਬ੍ਰਾਂਚ ਦੇ ਗੇਟ ਦੇ ਬਾਹਰ ਮੁਖ ਸੇਵਾਦਾਰ ਡਾ. ਇੰਦਰਜੀਤ ਕੌਰ, ਪਿੰਗਲਵਾੜਾ ਸੋਸਾਇਟੀ ਦੇ ਮੀਤ ਪ੍ਰਧਾਨ ਡਾ. ਜਗਦੀਪਕ ਸਿੰਘ, ਆਨਰੇਰੀ ਸਕੱਤਰ ਸ੍ਰ. ਮੁਖਤਾਰ ਸਿੰਘ, ਮੈਂਬਰ ਪਿੰਗਲਵਾੜਾ ਸੋਸਾਇਟੀ ਸ੍ਰ. ਰਾਜਬੀਰ ਸਿੰਘ ਪ੍ਰਸ਼ਾਸਕ ਕਰਨਲ ਦਰਸ਼ਨ ਸਿੰਘ ਬਾਵਾ ਆਦਿ ਨੇ ਉੱਘੇ ਕਿਸਾਨ ਲੀਡਰਾਂ ਜਿਨ੍ਹਾਂ ਵਿਚ ਸ੍ਰੀ. ਰਾਕੇਸ਼ ਟਿਕੈਤ, ਡਾ. ਦਰਸ਼ਨ ਪਾਲ, ਸ੍ਰ. ਰੁਲਦੁ ਸਿੰਘ ਮਾਨਸਾ ਅਤੇ ਸ੍ਰ. ਗੁਰਨਾਮ ਸਿੰਘ ਚੜੂਨੀ ਸ਼ਾਮਿਲ ਸਨ, ਦਾ ਸਿਰੋਪੇ ਪਾ ਕੇ ਨਿੱਘਾ ਸਵਾਗਤ ਕੀਤਾ।

# ਸੀਨੀਅਰ ਭਾਜਪਾ ਆਗੂ ਇਕਬਾਲ ਸਿੰਘ ਚੰਨੀ ਨੇ ਪੰਜਾਬ ਦੇ ਚੋਣ ਇੰਚਾਰਜ ਅਤੇ ਕੇਂਦਰੀ ਜਲ ਸਕਤੀ ਮੰਤਰੀ ਗਜੇਂਦਰ ਸਿੰਘ ਸੇਖਾਵਤ ਨਾਲ ਉਨ੍ਹਾਂ ਦੇ ਗ੍ਰਹਿ ਵਿਖੇ ਮੁਲਾਕਾਤ ਕੀਤੀ



**ਖੰਨਾ/ਤੇਜਿੰਦਰ ਸਿੰਘ ਆਰਟਿਸਟ :** ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਇਕਬਾਲ ਸਿੰਘ ਚੰਨੀ ਨੇ ਅੱਜ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਚੋਣ ਇੰਚਾਰਜ ਅਤੇ ਕੇਂਦਰੀ ਜਲ ਸਕਤੀ ਮੰਤਰੀ ਗਜੇਂਦਰ ਸਿੰਘ ਸੇਖਾਵਤ ਨਾਲ ਉਨ੍ਹਾਂ ਦੇ ਗ੍ਰਹਿ ਵਿਖੇ ਮੁਲਾਕਾਤ ਕੀਤੀ ਸਰਦਾਰ ਚੰਨੀ ਨੇ ਸ਼੍ਰੀ ਸ਼ੇਖਾਵਤ ਦਾ ਬੁਕੇ ਭੇਂਟ ਕਰਕੇ ਸਵਾਗਤ ਕੀਤਾ ਇਸ ਮੌਕੇ ਤੇ ਉਨ੍ਹਾਂ ਨੇ ਕੇਂਦਰੀ ਮੰਤਰੀ ਨਾਲ ਮੀਟਿੰਗ ਕੀਤੀ ਤੇ ਪੰਜਾਬ ਵਿੱਚ ਸਿਆਸੀ ਸਰਗਰਮੀਆਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਸ੍ਰੀ ਸ਼ੇਖਾਵਤ ਨੇ ਸ: ਚੰਨੀ ਨੂੰ ਪਾਰਟੀ ਲਈ ਮਿਹਨਤ ਤੇ ਲਗਨ ਨਾਲ ਕੰਮ ਕਰਨ ਲਈ ਕਿਹਾ ਤੇ ਪਾਰਟੀ ਨੂੰ 2022 ਦੀਆ ਵਿਧਾਨ ਸਭਾ ਚੋਣਾਂ ਲਈ ਤਿਆਰੀਆਂ ਕਰਨ ਲਈ ਕਿਹਾ ਇਸ ਮੌਕੇ ਤੇ ਉਨ੍ਹਾਂ ਦੇ ਨਾਲ ਪਰਮਜੀਤ ਸਿੰਘ ਪੰਮੀ, ਆਰ ਪੀ ਸਿੰਘ, ਪਰਵੀਨ ਗੋਇਲ, ਅਮਰਦੀਪ ਸਿੰਘ, ਮਨਜੀਤ ਸਿੰਘ ,ਹੇਮੰਤ ਕੁਮਾਰ , ਰਾਮਪਾਲ ਕੈਪਟਨ ,ਗੁਰਪਰਤਾਪ ਸਿੰਘ ,ਮੰਗਾ ਬੀਨਾ ਹਾਜਰ ਸਨ।

# ਮੱਟੀ ਪਿੰਡ 'ਚ ਬੇਰਹਿਮੀ ਨਾਲ ਕਤਲ ਕੀਤੇ ਗਏ ਦਿਨੇਸ਼ ਕੁਮਾਰ ਦਾ ਜੱਦੀ ਪਿੰਡ ਡੂੰਗ 'ਚ ਹੋਇਆ ਅੰਤਿਮ ਸੰਸਕਾਰ

## ਦੋ ਡੀਐਸਪੀ ਦੋ ਐਸਐਚਓ ਸਮੇਤ ਭਾਰੀ ਪੁਲਿਸ ਫ਼ੋਰਸ ਰਹੀ ਤਾਇਨਾਤ





**ਪਠਾਨਕੋਟ /ਧਾਰ ਕਲਾਂ/ਰਜਨੀਸ਼ ਕਾਲੂ**

ਪਿਛਲੇ ਕੱਲ ਧਾਰ ਬਲਾਕ ਦੇ ਅਧੀਨ ਪੈਂਦੇ ਪਿੰਡ ਮੱਟੀ 'ਚ ਦੋ ਨੌਜਵਾਨਾਂ ਵੱਲੋਂ ਇੱਕ 31 ਸਾਲਾਂ ਵਿਅਕਤੀ ਦਾ ਪੁਰਾਣੀ ਰੰਜਿਸ਼ ਦੇ ਚਲਦਿਆਂ ਦਿਨ ਦਿਹਾੜੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ ਜਿਸ ਤੋਂ ਬਾਅਦ ਇਨਸਾਫ਼ ਦੀ ਮੰਗ ਨੂੰ ਲੈ ਕੇ ਗੁਰਸਾਏ ਪੀੜਤ ਪਰਿਵਾਰ ਅਤੇ ਸਮੂਹ ਪਿੰਡ ਵਾਸੀਆਂ ਦੇ ਨਾਲ ਨਾਲ ਆਸਪਾਸ ਦੇ ਪਿੰਡਾਂ ਦੇ ਲੋਕਾਂ ਨੇ ਸ਼ਾਹਪੁਰਕੰਢੀ ਡੈਮ ਧਾਰ ਸੜਕ ਤੇ ਧਰਨਾ ਲਗਾ ਕੇ ਸੜਕ ਨੂੰ ਜਾਮ ਕਰ ਦਿੱਤਾ ਸੀ ਅਤੇ ਦੋਸ਼ੀਆਂ ਤੇ ਤੁਰੰਤ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਸੀ ਜਿਸ ਤੋਂ ਬਾਅਦ ਪੁਲੀਸ ਪ੍ਰਸ਼ਾਸਨ ਵੱਲੋਂ ਤੁਰੰਤ ਹਰਕਤ ਵਿੱਚ ਆਉਂਦਿਆਂ ਮਾਮਲੇ ਨਾਲ ਸਬੰਧਿਤ ਕੁੱਲ 7 ਦੋਸ਼ੀਆਂ ਤੇ ਮਾਮਲਾ ਦਰਜ ਕਰ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਸੀ ਜਿਸ ਤੋਂ ਬਾਅਦ ਪਿੰਡ ਵਾਸੀਆਂ ਵੱਲੋਂ ਧਰਨਾ ਚੁੱਕ ਕੇ ਰੋਣ ਨੂੰ ਖੋਲ੍ਹ ਦਿੱਤਾ ਗਿਆ ਸੀ ਅਤੇ ਅੱਜ ਦਿਨੇਸ਼ ਦੀ ਮ੍ਰਿਤਕ ਦੇਹ ਨੂੰ ਉਸਦੇ ਜੱਦੀ ਪਿੰਡ ਡੂੰਗ ਲਿਆਂਦਾ ਗਿਆ ਜਿਸ ਤੋਂ ਬਾਅਦ ਪਰਿਵਾਰਿਕ ਮੈਂਬਰਾਂ ਦੇ ਨਾਲ ਪਿੰਡ ਵਾਸੀਆਂ ਵੱਲੋਂ ਪਹਿਲਾਂ ਤਾਂ ਗੁੱਸੇ ਅਤੇ ਅੱਥਰੂਆਂ ਦੇ ਨਾਲ ਮ੍ਰਿਤਕ ਦਿਨੇਸ਼ ਦਾ ਦੋਸ਼ੀਆਂ ਦੇ ਘਰ ਦੇ ਵੇਹੜੇ ਵਿੱਚ ਅੰਤਿਮ ਸੰਸਕਾਰ ਦੀਆਂ ਤਿਆਰੀਆਂ ਸ਼ੁਰੂ ਕੀਤੀਆਂ ਗਈਆਂ ਜਿਸ ਤੋਂ ਬਾਅਦ ਡੀਐਸਪੀ ਧਾਰ ਰਵਿੰਦਰ ਸਿੰਘ ,ਡੀਐਸਪੀ ਮਨਿੰਦਰ ਪਾਲ ਸਿੰਘ ,ਐਸਐਚਓ ਸ਼ਾਹਪੁਰਕੰਡੀ ਨਵਦੀਪ ਸ਼ਰਮਾ ਅਤੇ ਐਸਐਚਓ ਧਾਰ ਤਰਵਿੰਦਰ ਸਿੰਘ ਭਾਰੀ ਪੁਲਿਸ ਫੋਰਸ ਜਿਸ ਵਿੱਚ ਮਹਿਲਾ ਕਰਮਚਾਰੀ ਵੀ ਮੌਜੂਦ ਸਨ ਮੌਕੇ ਤੇ ਪਹੁੰਚੇ ਅਤੇ ਪਰਿਵਾਰ ਨੂੰ ਸਮਝਾਇਆ ।ਪੀੜਤ ਪਰਿਵਾਰ ਨੇ ਰਹਿੰਦੇ ਫ਼ਰਾਰ ਦੋਸ਼ੀਆਂ ਨੂੰ 48 ਘੰਟੇ ਅੰਦਰ ਗ੍ਰਿਫਤਾਰ ਕਰਨ ਦੀ ਮੰਗ ਕੀਤੀ ।ਪੁਲਿਸ ਦੇ ਦਿੱਤੇ ਭਰੋਸੇ ਬਾਅਦ ਮ੍ਰਿਤਕ ਦਿਨੇਸ਼ ਦਾ ਉਸ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ । ਇਸ ਮੌਕੇ ਉੱਥੇ ਹੀ ਪਿੰਡ ਵਾਸੀਆਂ ਵੱਲੋਂ ਪ੍ਰਸ਼ਾਸਨ ਤੋਂ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਦੀ ਮੰਗ ਕੀਤੀ ਗਈ । ਇਸਦੇ ਨਾਲ ਹੀ ਸਮੂਹ ਪਿੰਡ ਵਾਸੀਆਂ ਵੱਲੋਂ ਪੰਚਾਇਤ ਅੱਗੇ ਦੋਸ਼ੀਆਂ ਅਤੇ ਉਸ ਦੇ ਸਬੰਧੀਆਂ ਦਾ ਬਾਈਕਾਟ ਕਰਨ ਦਾ ਵੀ ਮੱਤਾ ਰੱਖਿਆ ਗਿਆ ਜਿੱਥੇ ਪਿੰਡ ਦੇ ਸਰਪੰਚ ਖੁੜੂ ਰਾਮ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ ਪੂਰੀ ਪੰਚਾਇਤ ਬਿਠਾ ਕੇ ਇਸ ਮਾਮਲੇ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਜਾਵੇਗਾ ਅਤੇ ਜਲਦ ਹੀ ਮੱਤਾ ਪਾ ਕੇ ਇਸ ਨੂੰ ਅਮਲ ਵਿੱਚ ਵੀ ਲਿਆਂਦਾ ਜਾਵੇਗਾ ।ਉੱਥੇ ਹੀ ਗੱਲਬਾਤ ਕਰਦੇ ਹੋਏ ਉੱਥੇ ਪਹੁੰਚੇ ਕਾਂਗਰਸ ਦੇ ਸੀਨੀਅਰ ਨੇਤਾ ਬਲਕਾਰ ਪਠਾਨੀਆ ਨੇ ਕਿਹਾ ਕਿ ਇਲਾਕੇ ਵਿੱਚ ਅਜਿਹੀ ਵਾਰਦਾਤ ਹੋਣਾ ਬੜੀ ਹੀ ਮੰਦਭਾਗੀ ਘਟਨਾ ਹੈ ਉਨ੍ਹਾਂ ਅਪੀਲ ਕੀਤੀ ਕਿ ਜਲਦ ਤੋਂ ਜਲਦ ਰਹਿੰਦੇ ਦੋਸ਼ੀਆਂ ਨੂੰ ਵੀ ਕਾਬੂ ਕਰ ਬਣਦੀ ਕਾਰਵਾਈ ਕੀਤੀ ਜਾਵੇ ਅਤੇ ਇਸ ਪਰਿਵਾਰ ਨੂੰ ਇਨਸਾਫ ਦਿਵਾਇਆ ਜਾਵੇ ।ਉੱਥੇ ਡੀਐਸਪੀ ਧਾਰ ਰਵਿੰਦਰ ਸਿੰਘ ਨੇ ਦੱਸਿਆ ਕਿ ਕੁੱਲ 7 ਦੋਸ਼ੀਆਂ ਵਿਚੋਂ ਅਕਾਸ਼ਦੀਪ ਗੌਤਮ ,ਸ਼ੰਕਰਦੀਪ ਗੌਤਮ ,ਭਗਵਾਨ ਕ੍ਰਿਸ਼ਨ ,ਰਾਧਾ ਰਾਣੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਜਦਕਿ ਰਹਿੰਦੇ ਤਿੰਨ ਦੋਸ਼ੀਆਂ ਨੂੰ ਵੀ ਜਲਦ ਗ੍ਰਿਫਤਾਰ ਕਰਨ ਲਈ ਪੁਲਿਸ ਵਲੋਂ ਸੰਭਾਵਿਤ ਜਗ੍ਹਾ ਤੇ ਛਾਪੇਮਾਰੀ ਕੀਤੀ ਜਾ ਰਹੀ ਹੈ।

# ਅਰਵਿੰਦ ਕੇਜਰੀਵਾਲ ਦੀ ਹਲਕਾ ਧਰਮਕੋਟ ਦੀ ਰਾਜਨੀਤੀ ਤੇ ਸੰਜੀਵ ਕੋਛੜ ਨਾਲ ਹੋਈ ਮੁਲਾਕਾਤ

**ਮੋਗਾ/ਧਰਮਕੋਟ ਦਵਿੰਦਰ ਸਿੰਘ ਬਿੱਟੂ**

ਆਮ ਆਦਮੀ ਪਾਰਟੀ ਦੇ ਹਲਕਾ ਧਰਮਕੋਟ ਤੋਂ ਸੀਨੀਅਰ ਆਗੂ ਜੁਆਇੰਟ ਸਕੱਤਰ ਪੰਜਾਬ ਸੰਜੀਵ ਕੋਛੜ ਨੇ ਪ੍ਰੈੱਸ ਨਾਲ ਗੱਲਬਾਤ ਕਰਦੇ ਕਿਹਾ, ਕਿ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਦੌਰਾਨ ਹਲਕਾ ਧਰਮਕੋਟ ਬਾਰੇ ਗੰਭੀਰਤਾ ਨਾਲ ਵਿਚਾਰ ਚਰਚਾ ਹੋਈ ਹੈ। ਅਤੇ 2022 ਦੀਆਂ ਚੋਣਾਂ ਸਬੰਧੀ ਰਣਨੀਤੀ ਬਣਾਈ ਗਈ ਹੈ ।ਉਨ੍ਹਾਂ ਕਿਹਾ ਕਿ ਉਹ ਪਾਰਟੀ ਲਈ ਪਿਛਲੇ 9 ਸਾਲਾਂ ਤੋਂ ਕੰਮ ਕਰ ਰਹੇ ਹਨ।ਤੇ ਸਾਰਾ ਰਿਪੋਰਟ ਕਾਰਡ ਕੇਜਰੀਵਾਲ ਨੂੰ ਦੇ ਦਿੱਤਾ ਹੈ । ਪਾਰਟੀ ਵੱਲੋਂ ਪਿਛਲੇ ਹੋਏ ਸਾਰੇ ਕੰਮਾਂ ਅਤੇ ਇਲੈਕਸ਼ਨਾਂ ਦੀ ਵੀ ਰਿਪੋਰਟ ਲਈ ਗਈ ਹੈ ,ਕੋਛੜ ਨੇ ਇਹ ਵੀ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਉਨ੍ਹਾਂ ਦੀ ਜ਼ਿੰਮੇਵਾਰੀ ਹੋਰ ਵੀ ਵੱਧਣ ਜਾ ਰਹੀ ਹੈ ।ਉਨ੍ਹਾਂ ਕਿਹਾ ਕਿ ਇਸ ਵਾਰ ਪੰਜਾਬ ਦੇ ਲੋਕ ਬਦਲਾਅ ਚਾਹੁੰਦੇ ਹਨ ਤੇ ਪੰਜਾਬ ਨੂੰ ਖੁਸ਼ਹਾਲੀ ਵੱਲ ਤੋਰਨ ਲਈ ਸਿਆਸੀ ਤਾਣਾ ਬਦਲ ਦੇਣਾ ਚਾਹੁੰਦੇ ਹਨ । ਇਸ ਲਈ ਇਸ ਵਾਰ ਪੰਜਾਬ ਦੀ ਵਾਗਡੋਰ ਆਪ ਦੇ ਹਵਾਲੇ ਕਰਨ ਲਈ ਸੂਬੇ ਦੇ ਲੋਕ ਉਤਾਵਲੇ ਹਨ ।ਉਨ੍ਹਾਂ ਕਿਹਾ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਤੇ ਹਰ ਵਰਗ ਕੇਜਰੀਵਾਲ ਦੀ ਸੋਚ ਨਾਲ ਜੁੜੇ ਹੋਏ ਹਨ, ਕਿਉਂਕਿ ਉਹ ਜੋ ਕਹਿੰਦੇ ਹਨ ਉਹ ਕਰ ਦਿਖਾਉਂਦੇ ਹਨ। ਜਿਸ ਦੀ ਉਦਾਹਰਣ ਦਿੱਲੀ ਵਿੱਚ ਕੀਤੇ ਕੰਮ ਦਰਸਾ ਰਹੇ ਹਨ ।ਉਨ੍ਹਾਂ ਇਹ ਵੀ ਕਿਹਾ ਪੰਜਾਬ ਦੇ ਲੋਕਾਂ ਦੀ ਪੁਰਜ਼ੋਰ ਮੰਗ ਹੈ ਕਿ , ਆਉਣ ਵਾਲੇ ਦਿਨਾਂ ਵਿੱਚ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਚਿਹਰੇ ਦਾ ਐਲਾਨ ਕੀਤਾ ਜਾਵੇ। ਜੋ ਹਰ ਪੰਜਾਬੀ ਨੂੰ ਪਸੰਦ ਹੋਵੇ ਅਤੇ ਸੂਬੇ ਦੇ ਲੋਕਾਂ ਦੀਆਂ ਉਮੀਦਾਂ ਤੇ ਖਰਾ ਉਤਰ ਸਕੇ । ਇੱਕ ਸਵਾਲ ਦੇ ਜਵਾਬ ਵਿੱਚ ਕੋਛੜ ਨੇ ਕਿਹਾ ਕਿ ਜੇਕਰ ਪਾਰਟੀ ਹਲਕਾ ਧਰਮਕੋਟ ਤੋਂ ਉਨ੍ਹਾਂ ਨੂੰ ਉਮੀਦਵਾਰ ਦੇ ਤੌਰ ਤੇ ਉਤਾਰੇਗੀ ਤਾਂ ਉਹ ਚੋਣ ਲੜਨ ਲਈ ਤਿਆਰ ਹਨ । ਤੇ ਇਹ ਸੀਟ ਜਿੱਤ ਕੇ ਆਪ ਦੀ ਝੋਲੀ ਵਿਚ ਪਾਉਣਗੇ ॥ ਇਹ ਪਾਰਟੀ ਦਾ ਅਹਿਮ ਫੈਸਲਾ ਹੋਵੇਗਾ । ਇਸ ਮੌਕੇ ਉਨ੍ਹਾਂ ਨਾਲ ਬਲਜਿੰਦਰ ਸਿੰਘ ਮਹਿਰੋ ਬਲਵਿੰਦਰ ਸਿੰਘ ਬਾਜਵਾ ਗੁਰਮੁਖ ਸਿੰਘ ਪੰਡੋਰੀ ਸੁਖਵਿੰਦਰ ਸਿੰਘ ਸ਼ੌਂਕੀ ਅਜੇ ਸ਼ਰਮਾ ਲਖਵਿੰਦਰ ਸਿੰਘ ਕੋਟ ਹਰਭਜਨ ਸਿੰਘ ਭੂਨਾ ਮਨਜਿੰਦਰ ਸਿੰਘ ਔਲਖ ਰਾਜਾ ਮਾਨ ਕੇਵਲ ਸਿੰਘ ਨਿਰਮਲ ਸਿੰਘ ਸਦਰਕੋਟ ਇੰਦਰਜੀਤ ਸਿੰਘ ਫਤਿਹਗੜ੍ਹ ਕੋਰੋਟਾਣਾ ਭੁਪਿੰਦਰ ਸਿੰਘ ਤੇ ਸੁਰਜੀਤ ਸਿੰਘ ਲੁਹਾਰਾ ਆਦਿ ਸ਼ਾਮਲ ਸਨ ।



# ਸਿਹਤ ਵਿਭਾਗ ਵੱਲੋਂ ਮੁੱਖ ਮੰਤਰੀ ਮੋਤੀਆ ਮੁਕਤ ਅਭਿਆਨ ਤਹਿਤ ਜਾਗਰੂਕਤਾ ਵੈਨ ਰਵਾਨਾ



**ਲੁਧਿਆਣਾ/ਕਰਨ ਅਗਰਵਾਲ, ਸੁਖਚੈਨ ਮਹਿਰਾ**

ਸਿਵਲ ਸਰਜਨ ਡਾ.ਐਸ. ਪੀ. ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਖ ਮੰਤਰੀ ਮੋਤੀਆ ਮੁਕਤ ਅਭਿਆਨ ਤਹਿਤ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਵਲੋ ਮੋਤੀਆ ਮੁਕਤ ਅਭਿਆਨ ਸਬੰਧੀ ਭੇਜੀ ਗਈ ਵੈਨ ਨੂੰ ਸਿਵਲ ਸਰਜਨ ਦਫਤਰ ਤੋ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।

ਇਸ ਮੌਕੇ ਡਾ.ਸਿੰਘ ਨੇ ਦੱਸਿਆ ਕਿ ਇਹ ਵੈਨ ਜ਼ਿਲ੍ਹੇ ਭਰ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਜਾ ਕੇ ਲੋਕਾਂ ਨੂੰ ਮੋਤੀਏ ਅਤੇ ਅੱਖਾਂ ਦੇ ਦਾਨ ਸਬੰਧੀ ਜਾਗਰੂਕ ਕਰੇਗੀ। ਅੱਖਾਂ ਦਾ ਦਾਨ, ਮਹਾਂਦਾਨ ਮੰਨਿਆ ਜਾਂਦਾ ਹੈ ਅਤੇ ਜੇਕਰ ਕੋਈ ਵਿਅਕਤੀ ਆਪਣੀ ਮੌਤ ਤੋ ਬਾਅਦ ਆਪਣੀਆਂ ਅੱਖਾਂ ਦਾਨ ਕਰਦਾ ਹੈ ਤਾਂ ਉਹ ਕਿਸੇ ਨੇਤਰਹੀਣ ਵਿਅਕਤੀ ਦੀ ਜਿੰਦਗੀ ਨੂੰ ਰੋਸ਼ਨ ਕਰ ਸਕਦਾ ਹੈ ।ਇਕ ਵਿਅਕਤੀ ਵਲੋ ਦਾਨ ਕੀਤੀਆਂ ਅੱਖਾਂ ਦੋ ਵਿਅਕਤੀਆਂ ਨੂੰ ਨਵੀ ਜਿੰਦਗੀ ਦੇ ਸਕਦੀਆਂ ਹਨ।

ਸਿਵਲ ਸਰਜਨ ਨੇ ਅੱਗੇ ਦੱਸਿਆ ਕਿ ਸਿਹਤ ਵਿਭਾਗ ਵਲੋ ਜ਼ਿਲ੍ਹੇ ਭਰ ਵਿਚ 31 ਦਸੰਬਰ ਤੱਕ ਅੱਖਾਂ ਦੇ ਮੁਫਤ ਕੈਪ ਲਗਾਏ ਜਾ ਰਹੇ ਹਨ, ਇਸ ਦੌਰਾਨ ਚਿੱਟੇ ਮੋਤੀਏ ਤੋ ਪੀੜ੍ਹਤ ਵਿਅਕਤੀਆਂ ਦੇ ਮੁਫਤ ਅਪ੍ਰੇਸ਼ਨ ਕੀਤੇ ਜਾਣਗੇ ਅਤੇ ਕੈਪ ਵਿਚ ਆਉਣ ਵਾਲੇ ਵਿਅਕਤੀਆਂ ਨੂੰ ਮੁਫਤ ਸਹੂਲਤ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅਪ੍ਰੇਸ਼ਨ ਉਪਰੰਤ ਮਰੀਜਾਂ ਨੂੰ ਦਵਾਈਆਂ ਅਤੇ ਐਨਕਾਂ ਮੁਫਤ ਦਿੱਤੀਆਂ ਜਾ ਰਹੀਆਂ ਹਨ।

ਇਸ ਮੌਕੇ ਅੱਖਾਂ ਵਿਭਾਗ ਦੇ ਨੋਡਲ ਅਫਸਰ ਡਾ.ਮਨੂੰ ਨੇ ਦੱਸਿਆ ਕਿ ਸੂਗਰ ਵਾਲੇ ਵਿਅਕਤੀਆਂ ਨੂੰ ਆਪਣਾ ਅੱਖਾਂ ਦਾ ਖਾਸ ਧਿਆਨ ਰੱਖਣ ਅਤੇ ਸੂਗਰ ਕਾਰਨ ਹੋਣ ਵਾਲੇ ਬੁਰੇ ਪ੍ਰਭਾਵਾਂ ਤੋ ਬਚਾਅ ਰੱਖਣ ਦੀ ਲੋੜ ਹੈ, ਸਮੇਂ ਸਿਰ ਅੱਖਾਂ ਦਾ ਚੈਕਅਪ ਕਰਵਾਉਦੇ ਰਹਿਣਾ ਚਾਹੀਦਾ ਹੈ।

ਅਖੀਰ ਵਿਚ ਡਾ. ਐਸ.ਪੀ. ਸਿੰਘ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਦੁਨੀਆਂ ਰੌਸ਼ਨ ਹੈ, ਆਪਣੀ ਅੱਖਾਂ ਦੀ ਰੌਸ਼ਨੀ ਬਚਾਉ।

# ਬਾਲ ਅਧਿਕਾਰਾਂ ਦੀ ਸੁਰੱਖਿਆ ਬਾਰੇ ਕੌਮੀ ਕਮਿਸ਼ਨ ਦੀ ਟੀਮ ਵੱਲੋਂ ਚਿਲਡਰਨ ਹੋਮ ਦਾ ਦੌਰਾ

- ਗਾਂਧੀ ਵਨਿਤਾ ਆਸ਼ਰਮ ਅੰਦਰ ਨਿਗਰਾਨੀ ਘਰ ਅਤੇ ਚਿਲਡਰਨ ਹੋਮ 'ਚ ਰਹਿ ਰਹੇ ਬੱਚਿਆਂ ਨਾਲ ਕੀਤੀ ਗੱਲਬਾਤ



**ਜਲੰਧਰ/ਰਾਕੇਸ਼ ਵਰਮਾ**

ਬਾਲ ਅਧਿਕਾਰਾਂ ਦੀ ਸੁਰੱਖਿਆ ਬਾਰੇ ਕੌਮੀ ਕਮਿਸ਼ਨ ਦੀ ਇਕ ਟੀਮ ਵੱਲੋਂ ਅੱਜ ਸਥਾਨਕ ਗਾਂਧੀ ਵਨਿਤਾ ਆਸ਼ਰਮ ਵਿਖੇ ਬਣੇ ਨਿਗਰਾਨੀ ਘਰ ਅਤੇ ਚਿਲਡਰਨ ਹੋਮ ਦਾ ਦੌਰਾ ਕਰਕੇ ਉਥੇ ਰਹਿ ਰਹੇ ਬੱਚਿਆਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਜਾਇਜ਼ਾ ਲਿਆ ਅਤੇ ਬੱਚਿਆਂ ਨਾਲ ਗੱਲਬਾਤ ਵੀ ਕੀਤੀ ਗਈ। ਟੀਮ ਵਿੱਚ ਸ਼ਾਮਲ ਸਲਾਹਕਾਰ ਦਿਪਤੀ ਬਹਿਲ, ਸੀਨੀਅਰ ਤਕਨੀਕੀ ਮਾਹਰ ਸ਼ੈਸ਼ਟਾ ਕੇ ਸ਼ਾਹ ਅਤੇ ਬਾਲ ਅਧਿਕਾਰ ਕਮਿਸ਼ਨ ਪੰਜਾਬ ਦੇ ਮੈਂਬਰ ਡਾ. ਦੀਪਕ ਜੋਤੀ ਨੇ ਚਿਲਡਰਨ ਹੋਮ ਵਿਖੇ ਬੱਚਿਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਤੋਂ, ਜੇਕਰ ਕੋਈ ਸਮੱਸਿਆ ਹੈ, ਸਬੰਧੀ ਵੀ ਗੱਲਬਾਤ ਕੀਤੀ ਗਈ। ਟੀਮ ਨੇ ਸਹੂਲਤਾਂ ਦੀ ਸਮੀਖਿਆ ਕਰਦਿਆਂ ਰਸੋਈ ਘਰ, ਰਹਾਇਸ਼ੀ ਕਮਰੇ, ਬਾਥਰੂਮ ਆਦਿ ਦਾ ਵੀ ਜਾਇਜ਼ਾ ਲੈਣ ਦੇ ਨਾਲ-ਨਾਲ ਦਵਾਈਆਂ, ਸਿੱਖਿਆ ਸਹੂਲਤਾਂ, ਮਨੋਚਿਕਿਤਸਕ ਦੀ ਉਪਲਬਧਤਾ, ਸੁਰੱਖਿਆ ਇੰਤਜ਼ਾਮ ਅਤੇ ਕਾਉਂਸਲਰ ਦੀ ਸਹੂਲਤ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਹਾਸਲ ਕੀਤੀ। ਟੀਮ ਵੱਲੋਂ ਬੱਚਿਆਂ ਨੂੰ ਮੁਹੱਈਆ ਕਰਵਾਏ ਜਾ ਰਹੇ ਖਾਣੇ ਦੀ ਗੁਣਵੱਤਾ ਵੀ ਵਾਚੀ ਗਈ। ਨਿਗਰਾਨੀ ਘਰ ਅਤੇ ਚਿਲਡਰਨ ਹੋਮ ਵਿਖੇ ਦਿੱਤੀਆਂ ਜਾ ਰਹੀਆਂ ਸਹੂਲਤਾਂ 'ਤੇ ਤਸੱਲੀ ਪ੍ਰਗਟਾਉਂਦਿਆਂ ਟੀਮ ਨੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਨ੍ਹਾਂ ਥਾਵਾਂ 'ਤੇ ਕੀਤੇ ਇੰਤਜ਼ਾਮ ਦੀ ਸਲਾਹੁਤਾ ਕੀਤੀ। ਜ਼ਿਲ੍ਹਾ ਪ੍ਰੋਗਰਾਮ ਅਫਸਰ ਜੀ.ਐਸ. ਰੰਧਾਵਾ ਟੀਮ ਨੂੰ ਦੱਸਿਆ ਕਿ ਡਿਪਟੀ ਕਮਿਸ਼ਨਰ ਘਨਸ਼ਿਆਮ ਥੋਰੀ ਦੀ ਅਗਵਾਈ ਵਿੱਚ ਬੱਚਿਆਂ ਦੀ ਭਲਾਈ ਲਈ ਸਮੇਂ-ਸਮੇਂ ਸਿਰ ਲੋੜੀਂਦੇ ਉਪਰਾਲੇ ਕੀਤੇ ਜਾਂਦੇ ਹਨ ਅਤੇ ਹਰ ਲੋੜੀਂਦੀ ਸਹੂਲਤ ਯਕੀਨੀ ਬਣਾਈ ਗਈ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਥਾਵਾਂ 'ਤੇ 146 ਬੱਚੇ ਰਹਿ ਰਹੇ ਹਨ, ਜਿਨ੍ਹਾਂ ਨੂੰ ਸਮੇਂ-ਸਮੇਂ ਸਿਰ ਵੱਖ-ਵੱਖ ਗਤੀਵਿਧੀਆਂ ਵਿੱਚ ਸ਼ਾਮਲ ਕਰਕੇ ਉਨ੍ਹਾਂ ਦੇ ਸਮੁੱਚੇ ਵਿਕਾਸ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ।ਜ਼ਿਲ੍ਹਾ ਬਾਲ ਸੁਰੱਖਿਆ ਅਧਿਕਾਰੀ ਅਜੈ ਭਾਰਤੀ ਨੇ ਟੀਮ ਨੂੰ ਦੱਸਿਆ ਕਿ ਗਾਂਧੀ ਵਨਿਤਾ ਆਸ਼ਰਮ ਦਾ ਸਾਰਾ ਖੇਤਰ ਸੀਸੀਟੀਵੀ ਦੀ ਨਿਗਰਾਨੀ ਹੇਠ ਹੈ ਅਤੇ ਬੱਚਿਆਂ ਦੀ ਸੁਰੱਖਿਆ ਦੇ ਪੁਖਤਾ ਪ੍ਰਬੰਧ ਹਨ। ਲੀਗਲ ਪ੍ਰੋਬੇਸ਼ਨ ਅਫਸਰ ਸੰਦੀਪ ਕੁਮਾਰ ਨੇ ਬੱਚਿਆਂ ਨੂੰ ਲੋੜ ਪੈਣ 'ਤੇ ਦਿੱਤੀ ਜਾ ਰਹੀ ਮੁਫਤ ਕਾਨੂੰਨੀ ਸਹਾਇਤਾ ਬਾਰੇ ਵੀ ਜਾਣਕਾਰੀ ਦਿੱਤੀ।



# ਸ਼੍ਰੋਮਣੀ ਅਕਾਲੀ ਦਲ ਦੀ ਮੋਗਾ ਰੈਲੀ ਪੰਜਾਬ ਦੀ ਸਿਆਸਤ ਲਈ ਇਤਿਹਾਸਕ ਰੈਲੀ- ਹੰਸਰਾਜ ਜੋਸਨ

## ਹਲਕਾ ਫਾਜ਼ਿਲਕਾ ਤੋਂ ਵੱਡਾ ਕਾਫ਼ਿਲਾ ਹੋਇਆ ਰੈਲੀ ਵਿੱਚ ਸ਼ਾਮਿਲ

**ਮੋਗਾ/ਲੋਕ ਬਾਣੀ**

ਬੀਤੇ ਮੰਗਲਵਾਰ ਸ਼੍ਰੋਮਣੀ ਅਕਾਲੀ ਦਲ ਦੇ 100 ਸਾਲ ਪੂਰੇ ਹੋਣ 'ਤੇ ਹੋਏ ਰੈਲੀ ਵਿੱਚ ਲੱਖਾਂ ਦਾ ਇਕੱਠ ਦੇਖਣ ਨੂੰ ਮਿਲਿਆ। ਹਲਕਾ ਫਾਜ਼ਿਲਕਾ ਤੋਂ ਅਕਾਲੀ ਦਲ-ਬਸਪਾ ਗਠਜੋੜ ਦੇ ਸਾਂਝੇ ਉਮੀਦਵਾਰ ਅਤੇ ਸਾਬਕਾ ਮੰਤਰੀ ਹੰਸਰਾਜ ਜੋਸਨ ਦੀ ਅਗੁਵਾਈ ਵਿੱਚ ਵੱਡਾ ਕਾਫ਼ਿਲਾ ਮੋਗਾ ਰੈਲੀ ਵਿੱਚ ਪਹੁੰਚਿਆ।




ਇਸ ਮੌਕੇ ਹੰਸਰਾਜ ਜੋਸਨ ਨੇ ਪਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ, ਅੱਜ ਦੀ ਮੋਗਾ ਰੈਲੀ ਵਿਰੋਧੀ ਲਈ ਇੱਕ ਸੰਕੇਤ ਹੈ ਕਿ ਆਉਣ ਵਾਲਾ ਸਮਾਂ ਸ਼੍ਰੋਮਣੀ ਅਕਾਲੀ ਦਲ-ਬਸਪਾ ਗਠਜੋੜ ਦਾ ਹੈ। ਲੋਕਾਂ ਦਾ ਇਕੱਠ ਇਹ ਦੱਸਦਾ ਹੈ ਕਿ ਉਨ੍ਹਾਂ ਦਾ ਪਿਆਰ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਅਤੇ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਦੇ ਨਾਲ ਹੈ। ਲੋਕ ਇਸ ਵਾਰ ਸ਼੍ਰੋਮਣੀ ਅਕਾਲੀ ਦਲ-ਬਸਪਾ ਗਠਜੋੜ ਦੀ ਸਰਕਾਰ ਬਣਾਉਣ ਲਈ ਤਿਆਰ ਹਨ। ਹੰਸਰਾਜ ਜੋਸਨ ਨੇ ਕਿਹਾ ਕਿ, ਹਲਕਾ ਫਾਜ਼ਿਲਕਾ ਤੋਂ ਹਜ਼ਾਰਾਂ ਲੋਕਾਂ ਦਾ ਇਕੱਠ ਆਪਣੇ ਮਹਿਬੂਬ ਨੇਤਾ ਸੁਖਬੀਰ ਸਿੰਘ ਬਾਦਲ ਨੂੰ ਸੁਣਨ ਲਈ ਪਹੁੰਚੇ ਹਨ ਅਤੇ ਹਲਕਾ ਫਾਜ਼ਿਲਕਾ ਇਸ ਵਾਰ ਦਿੱਲੀ ਤੋਂ ਚੱਲਣ ਵਾਲੀ ਪਾਰਟੀਆਂ ਨੂੰ ਹਰਾ ਕੇ ਪੰਜਾਬ-ਪੰਜਾਬੀਅਤ ਦੇ ਰਾਖੇ ਦੀ ਸਰਕਾਰ ਬਣਾਉਣਗੇ। ਹੰਸਰਾਜ ਜੋਸਨ ਨੇ ਕਿਹਾ ਕਿ, ਸ਼੍ਰੋਮਣੀ ਅਕਾਲੀ ਦਲ ਦੇ 100 ਸਾਲ ਪੂਰੇ ਹੋਣ 'ਤੇ ਸਮੂਹ ਵਰਕਰਾਂ ਅਤੇ ਅਹੁਦੇਦਾਰਾਂ ਨੂੰ ਬਹੁਤ-ਬਹੁਤ ਮੁਬਾਰਕਾਂ ਅਤੇ ਆਉਣ ਵਾਲੇ ਹਜ਼ਾਰ ਸਾਲ ਸ਼੍ਰੋਮਣੀ ਅਕਾਲੀ ਦਲ ਦਾ ਹੋਏਗਾ।

# ਬੇਹੋਸੀ ਅੰਦਰੂਨੀ ਰਤਵਾਹ ਜਹਿਰੀਲੀ ਗੈਸਾਂ ਦੇ ਪੀੜਤਾਂ ਨੂੰ ਮਰਨ ਤੋ ਬਚਾਉਣ ਲਈ ਫਸਟ ਏਡ ਜਰੂਰੀ : ਐਕਸੀਅਨ



**ਪਟਿਆਲਾ/ਜਗਦੀਸ ਰਾਈਕਾ**

ਚੰਡੀਗੜ੍ਹ ਯੂ ਟੀ ਨਗਰ ਨਿਗਮ ਵਲੋਂ ਆਪਣੇ ਸਫਾਈ ਸੀਵਰੇਜ ਅਤੇ ਦੂਸਰੇ ਕਰਮਚਾਰੀਆਂ ਨੂੰ ਕੰਮ ਦੋਰਾਨ ਬੇਹੋਸ਼ ਹੋਣ, ਜਹਿਰੀਲੀ ਗੈਸਾਂ ਸਾਹ ਨਾਲੀ ਵਿੱਚ ਚਲੇ ਜਾਣ, ਸਿਰ ਦੀ ਸੱਟ,ਸੜਕ ਹਾਦਸੇ ਸਮੇਂ ਅੰਦਰੂਨੀ ਰਤਵਾਹ, ਦਿਲ ਮਿਰਗੀ ਦੇ ਦੋਰੇ ਬਲੱਡ ਪ੍ਰੈਸ਼ਰ ਸੂਗਰ ਆਕਸੀਜਨ ਲੇਵਲ ਘੱਟਣ, ਕਰੰਟ ਲੱਗਣ ਆਦਿ ਸਮੇਂ ਤੁਰੰਤ ਫਸਟ ਏਡ ਬਾਰੇ ਜਾਗਰੂਕ ਕਰਨ ਲਈ ਆਡੀਟੋਰੀਅਮ ਵਿਖੇ ਬੇਸਿਕ ਫਸਟ ਏਡ ਸੀ ਪੀ ਆਰ ਵੈਂਟੀਲੇਟਰ ਬਨਾਉਟੀ ਸਾਹ ਕਿਰਿਆ ਆਦਿ ਦੀ ਟ੍ਰੇਨਿੰਗ ਕਰਵਾਉਣ ਹਿਤ ਪ੍ਰੋਗਰਾਮ ਕਾਰਜਕਾਰੀ ਇੰਜੀਨੀਅਰ ਵਲੋ ਸਮੂਹ ਅਫਿਸਰਜ ਦੀ ਨਿਗਰਾਨੀ ਹੇਠ ਵਰਕਰਾਂ ਨੂੰ ਬੁਲਾਕੇ ਕਰਵਾਇਆ। ਕਾਰਜਕਾਰੀ ਇੰਜੀਨੀਅਰ ਨੇ ਦੱਸਿਆ ਕਿ ਸੀਵਰੇਜ ਅਤੇ ਕੂੜਾ ਕਰਕਟ ਦੀ ਸਫਾਈ ਕਰਦੇ ਸਮੇਂ ਕਈ ਵਾਰ ਕਰਮਚਾਰੀ ਬੇਹੋਸ਼ ਹੋ ਜਾਂਦੇ ਹਨ ਦਿਲ ਜਾ ਮਿਰਗੀ ਦਾ ਦੌਰਾ ਪੈ ਜਾਂਦਾ,,ਜਾਂ ਸੜਕ ਹਾਦਸੇ ਹੁੰਦੇ, ਅੱਗ ਲਗਦੀ ਤਾ ਉਸ ਸਮੇਂ ਵਰਕਰ ਆਪਣੇ ਸਾਥੀਆ ਪਰਿਵਾਰਕ ਮੈਂਬਰਾਂ ਦੀ ਜਾਨਾਂ ਬਚਾਉਣ ਲਈ ਤੁਰੰਤ ਕੀ ਫਸਟ ਏਡ ਸਹਾਇਤਾ ਕਰਨ ਬਾਰੇ ਟ੍ਰੇਨਿੰਗ ਪ੍ਰੋਗਰਾਮ ਕਰਵਾਇਆ। ਇਸ ਮੌਕੇ ਪਟਿਆਲਾ ਰੈਡ ਕਰਾਸ ਦੇ ਸੇਵਾਮੁਕਤ ਜਿਲਾ ਟਰੇਨਿੰਗ ਅਫਸਰ ਸ੍ਰੀ ਕਾਕਾ ਰਾਮ ਵਰਮਾ ਨੇ ਫਸਟ ਏਡ ਦੀ ਬੇਸਿਕ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਹ ਰੁਕਣ ਦਿਲ ਦਿਮਾਗ ਦੀ ਕਿਰਿਆ ਬੰਦ ਹੋਣ ਬਹੁਤ ਜਿਆਦਾ ਖੂਨ ਨਿਕਲਣ ਗੈਸਾਂ ਕਰੰਟ ਡੁੱਬਣ ਸਾਹ ਦੇ ਰਸਤੇ ਬੰਦ ਹੋਣ ਤੇ ਜੇਕਰ ਪੀੜਤ ਨੂੰ 2/3 ਮਿੰਟਾਂ ਵਿੱਚ ਫਸਟ ਏਡ ਨਾ ਮਿਲੇ ਤਾਂ 4/5 ਮਿੰਟਾਂ ਬਾਅਦ ਪੀੜਤ ਦੀ ਮੌਤ ਹੋ ਸਕਦੀ ਹੈ। ਸ੍ਰੀ ਕਾਕਾ ਰਾਮ ਵਰਮਾ ਨੇ ਫਸਟ ਏਡ ਦੀ ਏ ਬੀ ਸੀ ਡੀ, ਰਿਕਵਰੀ ਜਾ ਵੈਂਟੀਲੇਟਰ ਪੋਜਿਸਨ ਸੀਪੀਆਰ ਮੂੰਹ ਤੋ ਮੂੰਹ ਰਾਹੀ ਜਾ ਸੇਫਰ ਵਿਧੀ ਰਾਹੀਂ ਬਣਾਉਟੀ ਸਾਹ ਦੇਣ, ਸਰੀਰ ਦੇ ਕਿਸੇ ਅੰਗ ਤੋ ਵਗਦੇ ਖੂਨ ਨੂੰ ਬੰਦ ਕਰਨ ਪਰ ਅੰਦਰੂਨੀ ਰਤਵਾਹ ਭਾਵ ਸਰੀਰ ਅੰਦਰੋ ਨੱਕ ਮੂੰਹ ਕੰਨ ਰਾਹੀ ਨਿਕਲ ਰਹੇ ਖੂਨ ਨੂੰ ਬੰਦ ਨਾ ਕਰਨ ਦੀ ਥਾਂ ਪੀੜਤ ਨੂੰ ਵੈਂਟੀਲੇਟਰ ਪੋਜਿਸਨ ਵਿਚ ਲਿਟਾਕੇ ਰਖਣ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸ੍ਰੀ ਗੌਰਵ ਸੇਫਟੀ ਅਫਸਰ ਨੇ ਸੀਵਰੇਜ ਜਾ ਸਫਾਈ ਕਰਦੇ ਸਮੇਂ ਸੇਫਟੀ ਰਖਣ ਦੇ ਢੰਗ ਤਰੀਕਿਆਂ ਦੀ ਜਾਣਕਾਰੀ ਦਿੱਤੀ ਅੱਗ ਲੱਗਣ ਦੇ ਕਾਰਨਾਂ ਅੱਗ ਦੀਆਂ ਕਿਸਮਾਂ ਅੱਗ ਬੁਝਾਉਣ ਲਈ ਪਾਣੀ ਮਿਟੀ ਭਾਰੀ ਕੰਬਲ ਜਾ ਅੱਗ ਬੁਝਾਊ ਸਿਲੰਡਰਾਂ ਦੀ ਵਰਤੋ ਸਬੰਧੀ ਜਾਣਕਾਰੀ ਦਿਤੀ।

# ਸ਼ਾਰਟ ਮੂਵੀ, 'ਸੋਚ' 19, ਦਸੰਬਰ, 2021 ਨੂੰ ਯੂ-ਟਿਊਬ ਚੈਨਲ ਨਿਊਟਿਕ ਰਿਕਾਰਡਸ 'ਤੇ ਹੋਵੇਗੀ ਰਿਲੀਜ

**ਚੰਡੀਗੜ/ਪ੍ਰੀਤਮ ਲੁਧਿਆਣਵੀ**

ਸ਼ਾਰਟ ਮੂਵੀ, 'ਸੋਚ' 19, ਦਸੰਬਰ, 2021 ਨੂੰ ਯੂ-ਟਿਊਬ ਚੈਨਲ ਨਿਊਟਿਕ ਰਿਕਾਰਡਸ 'ਤੇ ਰਿਲੀਜ ਹੋਵੇਗੀ, ਜਿਸ ਵਿਚ ਕਹਾਣੀ ਤੇ ਡਾਇਲਾਗ ਘੁੰਮਣ ਨਾਹਲਾਂਵਾਲਾ ਦੇ ਹਨ। ਇਸਦਾ ਨਿਰਮਾਤਾ ਹੈ ਸਿੰਜ ਕਲੇਰ, ਨਿਰਦੇਸ਼ਕ ਹੈ ਪ੍ਰੀਤ ਮਾਨ ਅਤੇ ਪੇਸ਼ਕਸ਼ ਹੈ ਨਿਊਟਿਕ ਰਿਕਾਰਡਸ ਤੇ ਫਿਲਮਸ ਦੀ। ਇਸ ਵਿਚ ਸਕਰੀਨ ਪਲੇਅ ਦੀ ਭੂਮਿਕਾ ਨਿਭਾਈ ਹੈ- ਘੁੰਮਣ ਨਾਹਲਾਂਵਾਲਾ ਤੇ ਪ੍ਰੀਤ ਮਾਨ ਨੇ। ਮੂਵੀ 'ਚ ਐਡੀਟਿੰਗ ਦੀ ਜਿੰਮੇਵਾਰੀ ਨੂੰ ਪੂਰਿਆ ਹੈ ਸੁੱਖ ਮੀਡੀਆ ਡਿਜਾਇਨ ਬੈਕਰਾਊਂਡ ਮਿਊਜਕ ਗੁਰੂ ਸੱਭਰਵਾਲ ਨੇ, ਮੇਕਅੱਪ - ਭੱਟੀ ਮੋਰਿੰਡਾ, ਕੈਮਰਾਮੈਨ - ਹਰਵਿੰਦਰ ਮਾਹੀ ਅਤੇ ਇਸ ਵਿਚ ਕਲਾਕਾਰਾਂ ਦਾ ਰੋਲ ਨਿਭਾਇਆ ਹੈ ਘੁੰਮਣ ਨਾਹਲਾਂਵਾਲਾ, ਪ੍ਰੀਤ ਮਾਨ, ਹਿੰਦ ਚਲਾਕੀ, ਤੇਜਾ ਬਾਈ, ਜਤਿੰਦਰ ਬਾਈ, ਬਾਬਾ ਹਰਬੰਸ ਸਿੰਘ, ਰਾਮ ਰਾਜ ਮੋਰਿੰਡਾ, ਅਮਨ ਲੋਥੇਰੀ, ਗੁਰਵਿੰਦਰ ਗਿੱਲ, ਵਰਿੰਦਰ ਮਨੀਲਾ, ਮਨਰਾਜ ਮਾਨ, ਵਿਜੇ ਮਾਨ, ਅਵਤਾਰ ਸਿੰਘ ਤਾਹੀਮ, ਹਰਜੀਤ ਨੂਰਮਹਿਲ, ਇੰਦਰਜੀਤ ਕੋਟ ਤੇ ਭੱਟੀ ਮੋਰਿੰਡਾ ਨੇ।




# ਵਿਜੈ ਦਿਵਸ ਸਬੰਧੀ ਸਹੀਦੋਂ ਕੀ ਸਮਾਧੀ ਕਮੇਟੀ ਵੱਲੋਂ ਕਰਵਾਏ ਜਾਣਗੇ ਵੱਖ-ਵੱਖ ਸਮਾਗਮ



**ਫਾਜਿਲਕਾ/ਗੌਰਵ ਸਰਮਾ**

1971 ਦੀ ਭਾਰਤ ਪਾਕਿ ਜੰਗ ਵਿਚ ਦੇਸ ਦੀ ਜਿੱਤ ਦੀ ਗੋਲਡਨ ਜੂਬਲੀ ਸਬੰਧੀ ਜ਼ਸਨ ਇਸ ਸਾਲ ਧੂਮ ਧਾਮ ਨਾਲ ਮਨਾਏ ਜਾ ਰਹੇ ਹਨ। ਦੇਸ ਦੀ ਅਜਾਦੀ ਦੇ 75 ਸਾਲ ਪੂਰੇ ਹੋਣ ਤੇ ਮਨਾਏ ਜਾ ਰਹੇ ਅਜਾਦੀ ਕਾ ਅੰਮ੍ਰਿਤਮਹੋਤਵਸ ਕਾਰਨ ਇੰਨ੍ਹਾਂ ਜ਼ਸਨਾਂ ਦੀਆਂ ਖੁਸੀਆਂ ਵਿਚ ਹੋਰ ਵਾਧਾ ਹੋਇਆ ਹੈ। ਇਸ ਤਹਿਤ ਸਹੀਦੋਂ ਕੀ ਸਮਾਧੀ ਕਮੇਟੀ ਵੱਲੋਂ ਜਿਲ੍ਹਾ ਪ੍ਰਸਾਸਨ, ਅਤੇ ਭਾਰਤੀ ਫੌਜ਼ ਨਾਲ ਮਿਲ ਕੇ ਹਰ ਸਾਲ ਦੀ ਤਰਾਂ ਸਮਾਗਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਜਿਲ੍ਹੇ ਦੇ ਡਿਪਟੀ ਕਮਿਸਨਰ ਸ੍ਰੀਮਤੀ ਬਬੀਤਾ ਕਲੇਰ ਨੇ ਦਿੱਤੀ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਹੀਦੋਂ ਕੀ ਸਮਾਧੀ ਕਮੇਟੀ ਦੇ ਪ੍ਰਧਾਨ ਸ੍ਰੀ ਸੰਦੀਪ ਗਿਲਹੋਤਰਾ ਨੇ ਕਿਹਾ ਕਿ 1971 ਦੀ ਜੰਗ ਵਿਚ ਭਾਰਤੀ ਫੌਜ਼ ਦੇ 209 ਜਵਾਨਾਂ ਤੇ ਅਫਸਰਾਂ ਨੇ ਆਪਣੀਆਂ ਜਾਨਾਂ ਦਾ ਸਰਵਉੱਚ ਬਲਿਦਾਨ ਦੇ ਕੇ ਫਾਜਿਲਕਾ ਦੀ ਰਾਖੀ ਕੀਤੀ ਸੀ ਅਤੇ ਇਸ ਲਈ ਫਾਜਿਲਕਾ ਹਰ ਸਾਲ ਆਪਣੇ ਰਾਖਿਆ ਨੂੰ ਨਮਨ ਕਰਨ ਲਈ ਵਿਜੈ ਦਿਵਸ ਮਨਾਉਂਦਾ ਹੈ।

**■ 17 ਦਸੰਬਰ ਨੂੰ ਸਹੀਦਾਂ ਦੇ ਪਰਿਵਾਰਾਂ ਦਾ ਹੋਵੇਗਾ ਸਨਮਾਨ**

ਜਨਰਲ ਸਕੱਤਰ ਸ੍ਰੀ ਪ੍ਰਫੁਲ ਚੰਦਰ ਨਾਗਪਾਲ ਨੇ ਇਸ ਸਾਲ ਹੋਣ ਵਾਲੇ ਸਮਾਗਮਾਂ ਦੇ ਵੇਰਵੇ ਸਾਂਝੇ ਕਰਦਿਆਂ ਦੱਸਿਆ ਕਿ ਮਿਤੀ 16 ਦਸੰਬਰ ਨੂੰ ਬਾਅਦ ਦੁਪਹਿਰ 3 ਵਜੇ ਵਿਜੈ ਪਰੇਡ ਦਾ ਆਯੋਜਨ ਕੀਤਾ ਜਾਵੇਗਾ। ਇਹ ਪਰੇਡ ਸਹੀਦ ਭਗਤ ਸਿੰਘ ਮਾਰਕਿਟ, ਨੇੜੇ ਡੀਸੀ ਦਫਤਰ ਫਾਜਿਲਕਾ ਤੋਂ ਸੁਰੂ ਹੋ ਕੇ ਘੰਟਾ ਘਰ ਚੌਕ, ਫਾਜਿਲਕਾ ਵਿਖੇ ਪੁੱਜ ਕੇ ਸੰਪਨ ਹੋਵੇਗੀ। 17 ਦਸੰਬਰ 2021 ਨੂੰ ਸਵੇਰੇ 8:30 ਵਜੇ ਮੁੰਡਿਆਂ ਤੇ ਕੁੜੀਆਂ ਦੀ ਮੈਰਾਥਨ ਦੌੜ ਸਹੀਦਾਂ ਦੀ ਯਾਦਗਾਰ, ਆਸਫਵਾਲਾ ਤੋਂ ਸੁਰੂ ਹੋਵੇਗੀ। 10 ਵਜੇ ਸਹੀਦਾਂ ਨੂੰ ਨਮਨ ਕਰਨ ਲਈ ਪੁਸਪਾਂਜਲੀ ਭੇਂਟ ਕੀਤੀ ਜਾਵੇਗੀ। 11 ਵਜੇ ਸਹੀਦਾਂ ਦੇ ਪਰਿਵਾਰਾਂ ਦਾ ਸਨਮਾਨ ਕੀਤਾ ਜਾਵੇਗਾ, ਜਿਸ ਤੋਂ ਬਾਅਦ ਲੰਗਰ ਲਗਾਇਆ ਜਾਵੇਗਾ। ਇਸ ਮੌਕੇ ਲੈਫ: ਜਨਰਲ ਜ਼ੇ ਬੀ ਚੌਧਰੀ ਅਤੇ ਮੇਜਰ ਜਨਰਲ ਵਿਕਰਮ ਵਰਮਾ ਵਿਸੇਸ ਤੌਰ ਤੇ ਫਾਜਿਲਕਾ ਵਿਖੇ ਪਹੁੰਚ ਰਹੇ ਹਨ।

# ਵਾਰਡ ਵਾਸੀਆਂ ਦੀ ਪਰੇਸਾਨੀ ਮੇਰੀ ਪਰੇਸਾਨੀ : ਪਾਰਸਦ ਪੂਜਾ ਲੂਥਰਾ ਸੱਚਦੇਵਾ

**ਫਾਜਿਲਕਾ/ਗੌਰਵ ਸਰਮਾ**

ਫਾਜਿਲਕਾ ਦੇ ਵਾਰਡ ਨੰਬਰ 21 ਤੋਂ ਆਮ ਆਦਮੀ ਪਾਰਟੀ ਦੇ ਪਾਰਸਦ ਪੂਜਾ ਲੂਥਰਾ ਸਚਦੇਵਾ ਨੇ ਅੱਜ ਧੋਬੀਘਾਟ ਦੀ ਕਾਫੀ ਦੇਰ ਤੋਂ ਬੰਦ ਪਈ ਅਤੇ ਗਦੰਗੀ ਨਾਲ ਭਰੀ ਹੋਈ ਗਲੀ ਨੂੰ ਸਾਫ ਕਰਵਾਇਆ । ਪਾਰਸਦ ਪੂਜਾ ਲੂਥਰਾ ਸਚਦੇਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਗਲੀ ਕਾਫੀ ਦੇਰ ਤੋਂ ਬੰਦ ਪਈ ਸੀ ਅਤੇ ਗੰਦਗੀ ਨਾਲ ਭਰੀ ਹੋਈ ਸੀ ਜਿਸ ਕਰਕੇ ਲੋਕਾਂ ਨੂੰ ਆਉਣ-ਜਾਣ ਲਈ ਬੜੀ ਪ੍ਰੇਸਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਅਤੇ ਅੱਜ ਨਗਰ ਕੌਂਸਲ ਦੇ ਸਹਿਯੋਗ ਨਾਲ ਇਹ ਬੰਦ ਪਈ ਗਲੀ ਨੂੰ ਸਾਫ ਕਰਵਾਇਆ ਗਿਆ ਹੈ । ਪਾਰਸਦ ਪੂਜਾ ਲੂਥਰਾ ਸਚਦੇਵਾ ਨੇ ਦੱਸਿਆ ਕਿ ਜਲਦ ਹੀ ਮਤਾ ਪਾ ਕੇ ਇਸ ਗਲੀ ਨੂੰ ਪੱਕਾ ਕਰਵਾਇਆ ਜਾਏਗਾ ਅਤੇ ਲਾਈਟਾਂ ਦਾ ਪ੍ਰਬੰਧ ਵੀ ਕਰਵਾਇਆ ਜਾਵੇਗਾ ਤਾਂ ਕਿ ਲੋਕਾਂ ਨੂੰ ਆਉਣ-ਜਾਣ ਲਈ ਕਿਸੇ ਵੀ ਪ੍ਰੇਸਾਨੀ ਦਾ ਸਾਹਮਣਾ ਨਾ ਕਰਨਾ ਪਵੇ ਕਿਉਂਕਿ ਲੋਕਾਂ ਦੀ ਪਰੇਸਾਨੀ ਮੇਰੀ ਪ੍ਰੇਸਾਨੀ ਹੈ। ਪਾਰਸਦ ਪੂਜਾ ਲੂਥਰਾ ਸਚਦੇਵਾ ਨੇ ਇਸ ਮੌਕੇ ਤੇ ਨਗਰ ਕੌਂਸਲ ਪ੍ਰਧਾਨ ਸੁਰਿੰਦਰ ਸੱਚਦੇਵਾ ਅਤੇ ਸਮੁੱਚੀ ਨਗਰ ਕੌਂਸਲ ਫਾਜ?ਿਲਕਾ ਦਾ ਧੰਨਵਾਦ ਕੀਤਾ ।



# ਵੋਟਰ ਜਾਗਰੂਕਤਾ ਵਾਹਨ ਨੂੰ ਹਰੀ ਝੰਡੀ ਵਿਖਾ ਕੇ ਰਵਾਨਾ ਕੀਤਾ

**ਫਾਜਿਲਕਾ/ਗੌਰਵ ਸਰਮਾ**

ਜਿਲ੍ਹਾ ਚੋਣ ਅਫਸਰ -ਕਮ- ਡਿਪਟੀ ਕਮਿਸਨਰ ਸ੍ਰੀਮਤੀ ਬਬੀਤਾ ਕਲੇਰ ਦੇ ਦਿਸਾ ਨਿਰਦੇਸਾਂ ਤੇ ਫਾਜਿਲਕਾ ਦੇ ਰਿਟਰਨਿੰਗ ਅਫਸਰ-ਕਮ-ਐਸਡੀਐਮ ਸ੍ਰੀ ਰਵਿੰਦਰ ਸਿੰਘ ਅਰੋੜਾ ਨੇ ਅੱਜ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਤੋਂ ਚੋਣ ਕਮਿਸਨ ਵੱਲੋਂ ਭੇਜ਼ੇ ਜਾਗਰੂਕਤਾ ਵਾਹਨ ਨੂੰ ਹਰੀ ਝੰਡੀ ਵਿਖਾ ਕੇ ਰਵਾਨਾ ਕੀਤਾ। ਇਹ ਵਾਹਨ ਆਡੀਓ ਵੀਜੁਅਲ ਮਾਧਿਅਮਾਂ ਰਾਹੀਂ ਸਵੀਪ ਪ੍ਰੋਜ਼ੈਕਟ ਤਹਿਤ ਜਿਲ੍ਹੇ ਦੇ ਵੋਟਰਾਂ ਨੂੰ ਵੋਟ ਦੇ ਮਹੱਤਵ, ਨਵੀਂ ਵੋਟ ਬਣਵਾਉਣ, ਵੋਟਰ ਹੈਲਪਲਾਈਨ, ਵੋਟ ਪਾਉਣ ਦਾ ਮਹੱਤਵ, ਦੀਵਿਆਂਗਜਨਾਂ ਲਈ ਚੋਣ ਕਮਿਸਨ ਦੇ ਉਪਰਾਲੇ ਆਦਿ ਬਾਰੇ ਵੋਟਰਾਂ ਨੂੰ ਜਾਗਰੂਕ ਕਰੇਗੀ। ਇਹ ਵੈਨ ਜਿਲ੍ਹੇ ਦੇ ਵੱਖ ਵੱਖ ਸਹਿਰਾਂ ਤੇ ਪਿੰਡਾਂ ਦਾ ਦੌਰਾ ਕਰੇਗੀ। ਇਸ ਮੌਕੇ ਐਸਡੀਐਮ ਸ: ਰਵਿੰਦਰ ਅਰੋੜਾ ਨੇ ਦੱਸਿਆ ਕਿ ਚੋਣ ਕਮਿਸਨ ਦੀਆਂ ਹਦਾਇਤਾਂ ਅਨੁਸਾਰ ਅਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜਰ ਜਿਲ੍ਹੇ ਵਿਚ ਵੋਟਰਾਂ ਨੂੰ ਜਾਗਰੂਕ ਕਰਨ ਲਈ ਅਭਿਆਨ ਵੱਡੇ ਪੱਧਰ ਤੇ ਚਲਾਇਆ ਜਾ ਰਿਹਾ ਹੈ ਅਤੇ ਸਵੀਪ ਪ੍ਰੋਜ਼ੈਕਟ ਤਹਿਤ ਵੱਖ ਵੱਖ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ।




ਇਸ ਮੌਕੇ ਜਿਲ੍ਹਾ ਸਿੱਖਿਆ ਅਫਸਰ ਸ: ਸੁਖਬੀਰ ਸਿੰਘ ਬੱਲ, ਤਹਿਸੀਲਦਾਰ ਚੌਣਾਂ ਸ੍ਰੀ ਬਲਵਿੰਦਰ ਸਿੰਘ, ਪ੍ਰਿੰਸੀਪਲ ਸ੍ਰੀ ਰਜਿੰਦਰ ਵਿਖੋਨਾ, ਇਲੈਕਸਨ ਕਾਨੂੰਗੋ ਨਵਜੋਤ ਸਿੰਘ ਆਦਿ ਵੀ ਹਾਜਰ ਸਨ।



# ਪੇਂਡੂ ਭੱਤਾ ਅਤੇ ਬਾਰਡਰ ਏਰੀਆ ਭੱਤਾ ਰੋਕਣ ਖਿਲਾਫ਼ ਅਧਿਆਪਕ ਜਥੇਬੰਦੀਆਂ ਨੇ ਫੂਕੀ ਪੰਜਾਬ ਸਰਕਾਰ ਦੀ ਅਰਥੀ

**ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਪੰਜਾਬ ਦੀ ਮੌਜੂਦਾ ਕਾਂਗਰਸ ਸਰਕਾਰ ਵੱਲੋਂ ਲਗਾਤਰ ਮੁਲਾਜਮ ਵਰਗ ਦੀਆਂ ਮੰਗਾਂ ਨੂੰ ਵਿਸਾਰਿਆ ਜਾ ਰਿਹਾ ਹੈ ਅਤੇ ਮੁਲਾਜਮਾਂ ਨੂੰ ਪਹਿਲਾਂ ਤੋਂ ਮਿਲ ਰਹੀਆਂ ਸਹੂਲਤਾਂ ਨੂੰ ਖ਼ਤਮ ਕੀਤਾ ਜਾ ਰਿਹਾ ਹੈ ਜਿਸਨੂੰ ਸਹਿਣ ਨਹੀਂ ਕੀਤਾ ਜਾਵੇਗਾ ਇਸ ਦੇ ਵਿਰੋਧ ਚ ਧਰਮਕੋਟ ਵਿਖੇ ਅਧਿਆਪਕ ਜਥੇਬੰਦੀਆਂ ਵਲੋਂ ਪੰਜਾਬ ਸਰਕਾਰ ਦੀ ਅਰਥੀ ਨੂ ਲਾਂਬੂ ਲਾਇਆ ਗਿਆ ! ਪੰਜਾਬ ਸਰਕਾਰ ਦੇ ਅਰਥੀ ਫੂਕ ਮੁਜਾਹਰੇ ਨੂੰ ਸੰਬੋਧਨ ਕਰਦਿਆਂ ਪ੍ਰਗਟਜੀਤ ਕਿਸ਼ਨਪੁਰਾ, ਜੱਜਪਾਲ ਬਾਜੇਕੇ, ਗੁਰਪ੍ਰੀਤ ਅੰਮੀਵਾਲ , ਸੋਹਨ ਸਿੰਘ ਧਰਮਕੋਟ, ਰਣਜੀਤ ਸਿੰਘ ਧਰਮਕੋਟ, ਗੁਰਮੀਤ ਸਿੰਘ ਢੋਲੇਵਾਲ, ਨੇ ਕਿਹਾ ਕਿ ਸਿੱਖਿਆ ਵਿਭਾਗ ਵਿਚ 15-15ਸਾਲ ਤੋਂ ਨਿਗੂਣੀਆਂ ਤਨਖਾਹਾਂ ਉੱਪਰ ਕੰਮ ਕਰਦੇ ਅਧਿਆਪਕ ਰੈਗੂਲਰ ਹੋਣ ਲਈਸੰਘਰਸ਼ ਕਰ ਰਹੇ ਹਨ ,ਬੇਰੁਜਗਾਰ ਅਧਿਆਪਕ ਰੁਜ਼ਗਾਰ ਲਈ ਸੰਘਰਸ਼ ਕਰ ਰਹੇ ਹਨ,ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਬਦਲੀ ਹੋਣ ਉਪਰੰਤ ਵੀ ਅਧਿਆਪਕਾਂ ਨੂੰ ਫਾਰਗ ਨਹੀਂ ਕੀਤਾ ਜਾ ਰਿਹਾ, ਅਤੇ ਹੁਣ ਮੁਲਾਜਮ ਵਰਗ ਦੇ ਬਾਰਡਰ ਏਰੀਆ ਅਤੇ ਪੇਂਡੂ ਭੱਤੇ ਨੂੰ ਰੋਕਣ ਦੇ ਨਾਦਰਸ਼ਾਹੀ ਫੁਰਮਾਣ ਜਾਰੀ ਕਰਕੇ ਮੁਲਾਜਮਾਂ ਨੂੰ ਧੋਖਾ ਦਿੱਤਾ ਜਾ ਰਿਹਾ ਹੈ ।ਇਸ ਮੌਕੇ ਬੋਲਦਿਆਂ ਹਰਜਿੰਦਰ ਸਿੰਘ ਪੁਰਾਣੇਵਾਲਾ, ਸ਼ਿਓ ਨਰਾਇਣ ਰਮਨ ਚੌਧਰੀ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਵੱਲੋ ਤੁਰੰਤ ਮੁਲਾਜ਼ਮ ਵਰਗ ਦੀਆਂ ਸਮੁੱਚੀਆਂ ਮੰਗਾਂ ਨੂੰ ਹੱਲ ਕਰਦੇ ਹੋਏ ਪੇਂਡੂ ਭੱਤੇ ਨੂੰ ਰੋਕਣ ਦਾ ਫ਼ੈਸਲਾ ਵਾਪਸ ਨਾ ਲਿਆ ਤਾਂ ਮੁੱਖ ਮੰਤਰੀ ਪੰਜਾਬ ਅਤੇ ਮੁਲਾਜ਼ਮ ਵਿਰੋਧੀ ਵਿੱਤ ਮੰਤਰੀ ਪੰਜਾਬ ਦਾ ਪੂਰੇ ਪੰਜਾਬ ਵਿੱਚ ਜਬਰਦਸਤ ਵਿਰੋਧ ਕੀਤਾ ਜਾਵੇਗਾ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਵੀ ਸਰਕਾਰ ਨੂੰ ਮੁਲਾਜਮਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ। ਗੁਰਿੰਦਰਜੀਤ ਸਿੰਘ ,ਗੁਰਮੇਲ ਸਿੰਘ ਰੇੜਵਾਂ ਬਲਦੇਵ ਸਿੰਘ ,ਇੰਦਰਜੀਤ ਸਿੰਘ, ਸੁਰੇਸ਼ ਕੁਮਾਰ ,ਅਮਨਦੀਪ ਸਿੰਘ, ਪਰਮਜੀਤ ਸਿੰਘ ,ਪਰਮਜੀਤ ਸਿੰਘ ,ਸਵਰਨ ਸਿੰਘ, ਸਵਰਨ ਸਿੰਘ ਇੰਦਰਜੀਤ ਸਿੰਘ ,ਜਸਵਿੰਦਰ ਕੌਰ, ਹਰਜਿੰਦਰ ਕੌਰ, ਅਲਕਾ ਰਾਣੀ, ਅਲਕਾ ਰਾਣੀ, ਹਰਪ੍ਰੀਤ ਕੌਰ, ਸੀਤਾ ਰਾਮ ,ਦਲਜੀਤ ਸਿੰਘ, ਦੀਪਕ , ਪ੍ਰਕਾਸ਼ ਸੇਠੀਆ, ਬਲਜੀਤ ਸਿੰਘ, ਦਵਿੰਦਰ ਸਿੰਘ, ਜਗਪ੍ਰੀਤ , ਜਗਸੀਰ ਸਿੰਘ, ਵਰਿੰਦਰਪਾਲ ਸਿੰਘ, ਗੁਰਿੰਦਰ ਸਿੰਘ ਸ਼ਾਦੀਵਾਲਾ ਹਾਜ਼ਰ ਸਨ।

# ਤਾਲਮੇਲ ਸੰਘਰਸ ਕਮੇਟੀ ਵੱਲੋਂ ਸੰਘਰਸ ਦਾ ਐਲਾਨ



**ਪਟਿਆਲਾ/ਜਗਦੀਸ ਰਾਈਕਾ**

ਜਲ ਸਪਲਾਈ ਤੇ ਸੈਨੀਟੇਸਨ ਤਾਲਮੇਲ ਸੰਘਰਸ ਕਮੇਟੀ ਦੀ ਮੀਟਿੰਗ ਕਨਵੀਨਰ ਮੱਖਣ ਸਿੰਘ ਵਾਹਦਪੁਰੀ ਦੀ ਪਰਧਾਨਗੀ ਹੇਠ,ਜਲ ਸਪਲਾਈ ਤੇ ਸੈਨੀਟੇਸਨ ਦੇ ਮੁੱਖ ਦਫਤਰ ਪਟਿਆਲਾ ਵਿਖੇ ਹੋਈ !ਮੀਟਿੰਗ ਨੂੰ ਸੰਬੋਧਨ ਕਰਦੇ ਹੋਏ,ਕਨਵੀਨਰਾਂ ਮਹਿਮਾ ਸਿੰਘ ਧਨੌਲਾ,ਮਨਜੀਤ ਸਿੰਘ ਸੰਗਤਪੁਰ,ਰਾਕੇਸ ਬਾਤਿਸ ਪਟਿਆਲਾ, ਸੰਦੀਪ ਕੁਮਾਰ ਸਰਮਾ ਨੇ ਕਿਹਾ ਕਿ ਦਫਤਰ ਅਧੀਨ ਕੰਮ ਕਰਦੇ ਵੱਖ ਵੱਖ ਮੰਡਲ ਦਫਤਰਾਂ ਵੱਲੋਂ ਗਲਤ ਅਰਥ ਕੱਢਦੇ ਹੋਏ,ਦਿੱਤੇ ਜਾ ਰਹੇ ਸਕੇਲ ਕੱਟਣ ਦੀਆਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ,ਜਿਸ ਦਾ ਸੰਘਰਸ ਕਮੇਟੀ ਪੁਰਜੋਰ ਵਿਰੋਧ ਕਰਦੀ ਹੈ। ਆਗੂਆਂ ਨੇ ਕਿਹਾ ਕਿ ਅਧਿਕਾਰੀਆਂ ਵੱਲੋਂ ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ ਮਾਨਯੋਗ ਮੁੱਖ ਸਕੱਤਰ ਸਾਹਬ ਦੇ ਸਕੇਲਾਂ ਨੂੰ ਜਰਨਲ ਲਾਇਜ ਕਰਨ ਦੇ ਫੈਸਲਿਆਂ ਵਿਰੁੱਧ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ,ਜਿਸਦੇ ਸਿੱਟੇ ਗੰਭੀਰ ਹੋਣਗੇ !ਓਹਨਾਂ ਕਿਹਾ ਕਿ ਆਪਣੇ ਪ੍ਰਆਪਤ ਕੀਤੇ ਸਕੇਲਾਂ ਨੂੰ ਬਰਕਰਾਰ ਰੱਖਣ ਲਈ, ਮੁੱਖ ਦਫਤਰ ਪਟਿਆਲਾ ਵਿਖੇ ਮਿਤੀ 15.12.21ਤੋਂ ਲਗਾਤਾਰ ਸੰਘਰਸ ਸੁਰੂ ਕੀਤਾ ਜਾਵੇਗਾ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਹਰਜੀਤ ਵਾਲੀਆ,ਪਵਨ ਮੌਂਗਾ,ਗੁਰਚਰਨ ਅਕੋਈ,ਅਨਿਲ ਬਰਨਾਲਾ,ਜਸਵੀਰ ਖੋਖਰ,ਦਰਸਨ ਚੀਮਾ,ਰਾਮਾ ਗਰਗ,ਜਸਵਿੰਦਰ ਪੰਜਾਬੀ,ਗੁਰਵਿੰਦਰ ਸਮਾਣਾ, ਦਰਸਨ ਸਿੰਘ ਰੋਗਲਾ ਦਵਿੰਦਰ ਨਾਭਾ,ਕੁਲਦੀਪ ਭਾਠੋਂ ਲਖਵਿੰਦਰਖਾਨਪੁਰ ਆਦਿ ਆਗੂਆਂ ਨੇ ਕਿਹਾ ਕਿ ਜਿਹੜੇ ਅਧਿਕਾਰੀ ਸੰਘਰਸ ਕਮੇਟੀ ਨੂੰ ਸੰਘਰਸ ਲਈ ਮਜਬੂਰ ਕਰ ਰਹੇ ਹਨ,ਜੇਕਰ ਕੋਈ ਮਾਹੌਲ ਖਰਾਬ ਹੁੰਦਾ ਹੈ ਤਾਂ ਉਸਦੇ ਜਿੰਮੇਵਾਰ ਉਹ ਖੁਦ ਹੋਣਗੇ ! ਇਸ ਮੰਗ ਤੋਂ ਇਲਾਵਾ ਸੰਘਰਸ ਕਮੇਟੀ ਨੇ ਤੀਜਾ ਤੇ ਚੌਥਾ ਦਰਜਾ ਦੀਆਂ ਪਰਮੋਸਨਾਂ,ਡੈਥ ਕੇਸਾਂ ਸਬੰਧੀ ਨਿਯੁਕਤੀਆਂ,ਕੱਚੇ ਮੁਲਾਜਮ ਪੱਕੇ ਕਰਨ ਅਤੇ ਕਨਵੈਨਸ ਅਲਾਊਂਸ ਦੇਣ ਦੀ ਪੁਰਜੋਰ ਮੰਗ ਕੀਤੀ !

# ਨਵਾਂਸ਼ਹਿਰ ਸਬ ਡਵੀਜ਼ਨ ’ਚ ਸੁਵਿਧਾ ਕੈਂਪ 16 ਦਸੰਬਰ ਨੂੰ ਭੀਣ ਤੇ 17 ਦਸੰਬਰ ਨੂੰ ਲੰਗੜੋਆ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਉਨ੍ਹਾਂ ਦੇ ਘਰਾਂ ਨੇੜੇ ਹੀ ਉਪਲਬਧ ਕਰਵਾਉਣ ਲਈ ਨਵਾਂਸ਼ਹਿਰ ਵਿੱਚ ਸਬ-ਡਵੀਜ਼ਨ ਪੱਧਰ ’ਤੇ ਸੁਵਿਧਾ ਕੈਂਪ 16 ਅਤੇ 17 ਦਸੰਬਰ ਨੂੰ ਲਗਾਏ ਜਾ ਰਹੇ ਹਨ।ਇਹ ਜਾਣਕਾਰੀ ਦਿੰਦਿਆਂ ਐਸ ਡੀ ਐਮ ਨਵਾਂਸ਼ਹਿਰ ਡਾ. ਬਲਜਿੰਦਰ ਸਿੰਘ ਨੇ ਦੱਸਿਆ ਕਿ ਪਹਿਲਾ ਕੈਂਪ 16 ਦਸੰਬਰ ਨੂੰ ਪਿੰਡ ਭੀਣ ਵਿਖੇ ਅਤੇ ਦੂਸਰਾ ਕੈਂਪ 17 ਦਸੰਬਰ ਨੂੰ ਪਿੰਡ ਲੰਗੜੋਆ ਵਿਖੇ ਲਾਇਆ ਜਾਵੇਗਾ। ਇਹ ਕੈਂਪ ਕਮਿਊਨਿਟੀ ਸੈਂਟਰ ਵਿਖੇ ਲੱਗਣਗੇ ਉਨ੍ਹਾਂ ਨੇ ਨਵਾਂਸ਼ਹਿਰ ਸਬ ਡਵੀਜ਼ਨ ਦੇ ਲੋਕਾਂ ਨੂੰ ਇਨ੍ਹਾਂ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਬਿਜਲੀ ਮੁਆਫ਼ੀ ਤੇ ਸਰਕਾਰ ਦੀਆਂ ਵੱਖ-ਵੱਖ ਭਲਾਈ ਸਕੀਮਾਂ, ਯੋਜਨਾਵਾਂ ਦਾ ਲਾਭ ਦੇਣ ਅਤੇ ਉਨ੍ਹਾਂ ਦੀਆਂ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਮੁਸ਼ਕਲਾਂ ਦੇ ਹੱਲ ਲਈ ਹੀ ਇਹ ਸਬ-ਡਵੀਜ਼ਨ ਪੱਧਰ ’ਤੇ ਸੁਵਿਧਾ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਇਨ੍ਹਾਂ ਕੈਂਪਾਂ ਵਿਚ ਹਾਜ਼ਰ ਰਹਿਣਗੇ ਉਨ੍ਹਾਂ ਅੱਗੇ ਦੱਸਿਆ ਕਿ ਸੁਵਿਧਾ ਕੈਂਪਾਂ ਵਿਚ 2 ਕਿਲੋ ਵਾਟ ਤੱਕ ਦੇ ਬਿਜਲੀ ਦੇ ਏਰੀਅਰ ਦੇ ਮੁਆਫ਼ੀ ਦੇ ਸਰਟੀਫਿਕੇਟ, 5-5 ਮਰਲੇ ਦੇ ਪਲਾਟ, ਪੈਨਸ਼ਨ ਸਕੀਮ, ਘਰ ਦੀ ਸਥਿਤੀ ਕੱਚਾ-ਪੱਕਾ, ਬਿਜਲੀ ਕੁਨੈਕਸ਼ਨ, ਘਰਾਂ ਵਿਚ ਪਖਾਨੇ, ਐਲ.ਪੀ.ਜੀ. ਗੈਸ ਕੁਨੈਕਸ਼ਨ, ਸਰਬੱਤ ਸਿਹਤ ਬੀਮਾ ਯੋਜਨਾ ਕਾਰਡ, ਆਸ਼ੀਰਵਾਦ ਸਕੀਮ, ਬੱਚਿਆਂ ਲਈ ਸਕਾਲਰਸ਼ਿਪ ਸਕੀਮ, ਐਸ.ਸੀ., ਬੀ.ਸੀ. ਕਾਰਪੋਰੇਸ਼ਨ, ਬੈਂਕ ਫਿੰਕੋ ਤੋਂ ਕਰਜ਼ਾ, ਬੱਸ ਪਾਸ, ਵੇਟਿੰਗ ਇੰਤਕਾਲ ਦੇ ਕੇਸ, ਮਗਨਰੇਗਾ ਜਾਬ ਕਾਰਡ, ਪੈਂਡਿੰਗ ਸੀ.ਐਲ.ਯੂ. ਨਕਸ਼ੇ ਆਦਿ ਤੋਂ ਇਲਾਵਾ ਹੋਰ ਵੀ ਸਕੀਮਾਂ/ਸਹੂਲਤਾਂ ਦਾ ਲਾਭ ਪਹੁੰਚਾਇਆ ਜਾਵੇਗਾਡਿਪਟੀ ਕਮਿਸ਼ਨਰ ਵੱਲੋਂ ਚੋਣ ਅਮਲੇ ਨੂੰ ਦਿੱਤੀਆਂ ਜਾ ਰਹੀਆਂ ਟ੍ਰੇਨਿਗਾਂ ਦਾ ਮੁਲਾਂਕਣਜ਼ਿਲ੍ਹਾ ਚੋਣ ਦਫ਼ਤਰ ਸਟਾਫ਼ ਨੂੰ ਚੋਣ ਜ਼ਾਬਤੇ ਦੇ ਐਲਾਨ ਤੋਂ ਤੁਰੰਤ ਬਾਅਦ ਭੇਜੀਆਂ ਜਾਣ ਵਾਲੀਆਂ ਰਿਪੋਰਟਾਂ ਦੇ ਖਾਕੇ ਤਿਆਰ ਰੱਖਣ ਦੇ ਆਦੇਸ਼ਜ਼ਿਲ੍ਹੇ ’ਚ ਚੋਣ ਅਮਲ ਨੂੰ ਨਿਰਵਿਘਨ ਤੇ ਨਿਰਪੱਖ ਢੰਗ ਨਾਲ ਮੁਕੰਮਲ ਕਰਨ ਲਈ ਚੋਣ ਅਮਲੇ ਦੀਆਂ ਸੂਚੀਆਂ ਨੂੰ ਅੰਤਮ ਰੂਪ ਦੇਣ ਲਈ ਆਖਿਆ।



# ਸ਼ਾਂਤੀ ਦੇਵੀ ਕਾਲਜ ਦੇ ਫਾਈਨ ਆਰਟਸ ਵਿਭਾਗ ਵੱਲੋਂ ਲਗਾਈ ਵਰਕਸ਼ਾਪ

**ਦੀਨਾਨਗਰ/ਡਾ.ਰਮੇਸ਼ ਸਰੰਗਲ**

ਸਥਾਨਕ ਸ਼ਾਂਤੀ ਦੇਵੀ ਆਰਿਆ ਮਹਿਲਾ ਕਾਲਜ ਦੇ ਫਾਈਨ ਆਰਟਸ ਵਿਭਾਗ ਵੱਲੋਂ ਵਿਭਾਗ ਮੁਖੀ ਸੋਨਿਕਾ ਗੁਪਤਾ ਅਤੇ ਵਿਭਾਗ ਦੀਆਂ ਵਿਦਿਆਰਥਣਾਂ ਦੁਆਰਾ ਵਰਕਸ਼ਾਪ ਲਗਾਈ ਗਈ, ਜਿਸਦੇ ਤਹਿਤ ਇੰਟਰ-ਕਲਾਸਿ?ਸ ਮੁਕਾਬਲੇ ਕਰਵਾਏ ਗਏ।ਇਨ੍ਹਾਂ ਮੁਕਾਬਲਿਆਂ ਵਿੱਚ ਮਧੂਬਨੀ ਆਰਟ ਡੂਡਲ ਆਰਟ ਸ਼ਾਮਲ ਸਨ। ਇਸ ਪ੍ਰਤੀਯੋਗਿਤਾ ਵਿਚ ਵਿਦਿਆਰਥਣਾ ਦੁਆਰਾ ਡੂਡਲ ਆਰਟ ਵਿੱਚ ਬਹੁਤ ਬਰੀਕੀ ਨਾਲ ਇਸ ਕਲਾ ਦੇ ਮੱਹਤਵ ਨੂੰ ਦਿਖਾਇਆ ਗਿਆ ਅਤੇ ਰਾਜਸਥਾਨੀ ਕਲਾ ਵਿੱਚ ਮਧੂਬਨੀ ਆਰਟ ਨੂੰ ਬੜੀ ਖੂਬਸੂਰਤੀ ਨਾਲ ਪ੍ਰਦਰਸ਼ਿਤ ਕੀਤਾ ਗਿਆ ।ਕਾਲਜ ਪ੍ਰਿੰਸੀਪਲ ਡਾ ਰੀਨਾ ਤਲਵਾੜ ਨੇ ਬੱਚਿਆਂ ਦੇ ਇਸ ਖੂਬਸੂਰਤ ਆਰਟ ਦੀ ਪ੍ਰਸ਼ੰਸਾ ਕੀਤੀ ਅਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ।ਉਨ੍ਹਾਂ ਨੇ ਸੋਨਿਕਾ ਗੁਪਤਾ ਫਾਈਨ ਆਰਟਸ ਵਿਭਾਗ ਦੇ ਯਤਨਾਂ ਦੀ ਵੀ ਪ੍ਰਸ਼ੰਸਾ ਕੀਤੀ । ਇਸ ਪ੍ਰਤੀਯੋਗਿਤਾ ਵਿੱਚ ਕਿਰਨਪ੍ਰੀਤ ਕੌਰ ਨੇ ਪਹਿਲਾ ਦੀਕਸ਼ਾ ਅਤੇ ਵੈਸ਼ਾਲੀ ਨੇ ਦੂਸਰਾ ਅਤੇ ਸੈਲੀ, ਪਲਵੀ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।



# ਅਲਾਵਲਪੁਰ ਕਮੇਟੀ ਵੱਲੋਂ ਬਲਾਕ ਅਤੇ ਜਿਲੇ ਵਿੱਚ ਮੱਲਾਂ ਮਾਰਨ ਵਾਲੇ ਬੱਚਿਆਂ ਦਾ ਸਨਮਾਨ

**ਪਟਿਆਲਾ/ਜਗਦੀਸ ਰਾਈਕਾ**

ਗੁਰਦੁਆਰਾ ਸਾਹਿਬ ਕਮੇਟੀ ਪ੍ਰਧਾਨ ਰਣਜੀਤ ਸਿੰਘ, ਪ੍ਰੀਤ ਕੌਰ ਚੇਅਰਮੈਨ ਸਕੂਲ ਮੈਨੇਜਮੈਂਟ ਕਮੇਟੀ, ਮਲਕੀਤ ਸਿੰਘ ਦਾਨੀ ਸੱਜਣ ਅਤੇ ਕਮੇਟੀ ਮੈਂਬਰ, ਆਗਣਵਾੜੀ ਵਰਕਰ ਗੁਰਤੇਜ ਕੌਰ ਤੇ ਸਕੂਲ ਮੁੱਖੀ ਹਰਜੀਤ ਕੌਰ ਵੱਲੋਂ ਸਰਕਾਰੀ ਐਲੀਮੈਂਟਰੀ ਸਕੂਲ ਅਲਾਵਲਪੁਰ ਦੇ ਬੱਚਿਆਂ ਵੱਲੋਂ ਬਲਾਕ ਘਨੌਰ ਵਿਚੋਂ ਸੁੰਦਰ ਲਿਖਾਈ ਵਿੱਚ ਪਹਿਲਾ ਸਥਾਨ ਜਸ਼ਨਦੀਪ ਕੌਰ, ਭਾਸ਼ਣ ਵਿੱਚ ਦੂਸਰਾ ਸਥਾਨ ਹਰਮਨਦੀਪ ਕੌਰ, ਰੱਸੀ ਟੱਪਣ ਵਿੱਚੋਂ ਜੋਤ ਕੌਰ ਵੱਲੋਂ ਪਹਿਲਾ ਸਥਾਨ, ਸੁਖਬਾਜ ਸਿੰਘ ਤੇ ਹਰਮਨ ਸਿੰਘ ਵੱਲੋਂ ਲੰਬੀ ਛਾਲ ਵਿੱਚ ਕਰਮਵਾਰ ਪਹਿਲਾਂ ਅਤੇ ਦੂਜਾ ਸਥਾਨ ਪ੍ਰਾਪਤ ਕੀਤਾ। ਕਮੇਟੀ ਮੈਂਬਰਾਂ ਵੱਲੋਂ ਪਿਛਲੇ ਸਾਲ ਅਤੇ ਮੌਜੂਦਾ ਸਾਲ ਦੌਰਾਨ ਅਧਿਆਪਕਾਂ ਦੇ ਸੁੰਦਰ ਲਿਖਾਈ ਮੁਕਾਬਲਿਆਂ ਵਿੱਚੋਂ ਬਲਾਕ ਅਤੇ ਜਿਲੇ ਵਿਚੋਂ ਅੱਵਲ ਆਉਣ ਤੇ ਸਕੂਲ ਵਿਚਲੇ ਬੱਚਿਆਂ ਦੇ ਸਰਬਪੱਖੀ ਵਿਕਾਸ ਵਿੱਚ ਅਹਿਮ ਯੋਗਦਾਨ ਪਾਉਣ ਤੇ ਸਕੂਲ ਮੁਖੀ ਹੈਡ ਟੀਚਰ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਸਕੂਲ ਅਧਿਆਪਕ ਰਘਵੀਰ ਬਹਾਦਰ ਸਿੰਘ ਤੇ ਜਗਦੀਪ ਕੌਰ ਅਤੇ ਬੱਚਿਆਂ ਦੇ ਮਾਤਾ ਪਿਤਾ ਬੇਅੰਤ ਕੌਰ ਤੇ ਰਾਜ ਰਾਣੀ ਆਦਿ ਮਾਪੇ ਮੌਜੂਦ ਸਨ।



# ਡਿਪਟੀ ਕਮਿਸਨਰ ਬਬੀਤਾ ਕਲੇਰ ਵੱਲੋਂ ਬੈਂਕਾਂ ਦੀ ਕਾਰਗੁਜਾਰੀ ਦੀ ਤਿਮਾਹੀ ਸਮੀਖਿਆ

- ਬੈਂਕਾਂ ਵਿਚ ਲੋਨ ਲਈ ਲੋਕਾਂ ਦੀਆਂ ਬਕਾਇਆ ਅਰਜੀਆਂ ਦਾ ਸਮਾਂਬੱਧ ਨਿਪਟਾਰਾ ਕਰਨ ਦੇ ਹੁਕਮ
- ਬੈਂਕਾਂ ਨੂੰ ਵਿੱਤੀ ਸਾਖਰਤਾ ਸਲਾਹਕਾਰ ਨਿਯੁਕਤ ਕਰਨ ਦੀ ਹਦਾਇਤ
- ਫਾਜਿਲਕਾ ਵਿਖੇ ਆਰਸੇਟੀ ਸੁਰੂ ਕਰਨ ਲਈ ਜਿਲ੍ਹਾ ਲੀਡ ਬੈਂਕ ਨੂੰ ਹੁਕਮ



**ਫਾਜਿਲਕਾ/ਗੌਰਵ ਸਰਮਾ**

ਡਿਪਟੀ ਕਮਿਸਨਰ ਸ੍ਰੀਮਤੀ ਬਬੀਤਾ ਕਲੇਰ ਨੇ ਅੱਜ਼ ਇੱਥੇ ਜਿਲ੍ਹੇ ਦੀਆਂ ਬੈਂਕਾਂ ਦੇ ਕੰਮਕਾਜ ਦੀ ਤਿਮਾਹੀ ਸਮੀਖਿਆ ਬੈਠਕ ਕੀਤੀ। ਇਸ ਮੌਕੇ ਉਨ੍ਹਾਂ ਨੇ ਬੈਂਕਾਂ ਨੂੰ ਹਦਾਇਤ ਕੀਤੀ ਕਿ ਸਮਾਜ ਦੇ ਕਮਜੋਰ ਵਰਗਾਂ ਤੇ ਔਰਤਾਂ ਨੂੰ ਵਿੱਤ ਮੁਹਈਆ ਕਰਵਾਇਆ ਜਾਵੇ ਅਤੇ ਉਨ੍ਹਾਂ ਨੂੰ ਆਰਥਿਕ ਤੌਰ ਤੇ ਅੱਗੇ ਵੱਧਣ ਵਿਚ ਮਦਦ ਕੀਤੀ ਜਾਵੇ।

ਡਿਪਟੀ ਕਮਿਸਨਰ ਨੇ ਬੈਂਕਾਂ ਵਿਚ ਵੱਖ ਵੱਖ ਸਵੈ ਰੋਜਗਾਰਾਂ ਲਈ ਲੋਨ ਲੈਣ ਲਈ ਪ੍ਰਾਰਥੀਆਂ ਵੱਲੋਂ ਦਿੱਤੀਆਂ ਅਰਜੀਆਂ ਦਾ ਸਮਾਂਬੱਧ ਨਿਪਟਾਰਾ ਕਰਨ ਦੇ ਹੁਕਮ ਦਿੰਦਿਆਂ ਕਿਹਾ ਕਿ ਇਸ ਵਿਚ ਕੁਤਾਹੀ ਕਰਨ ਵਾਲੀਆਂ ਬੈਂਕਾਂ ਖਿਲਾਫ ਭਾਰਤੀ ਰਿਜਰਵ ਬੈਂਕ ਨੂੰ ਲਿਖ ਦਿੱਤਾ ਜਾਵੇਗਾ।

ਆਰਬੀਆਈ ਦੇ ਏਜੀਐਮ ਸ੍ਰੀ ਯੋਗੇਸ ਅਗਰਵਾਲ ਨੇ ਜਿਲ੍ਹੇ ਦੀਆਂ ਬੈਂਕਾਂ ਵੱਲੋਂ ਵਿੱਤੀ ਸਾਖਰਤਾ ਸਲਾਹਕਾਰ ਨਿਯੁਕਤ ਨਾ ਕੀਤੇ ਜਾਣ ਅਤੇ ਜਿਲ੍ਹੇ ਵਿਚ ਆਰਸੇਟੀ ਦੀ ਸਥਾਪਨਾ ਨਾ ਹੋਣ ਦਾ ਮੁੱਦਾ ਉਠਾਇਆ ਜਿਸ ਤੇ ਡਿਪਟੀ ਕਮਿਸਨਰ ਸ੍ਰੀਮਤੀ ਬਬੀਤਾ ਕਲੇਰ ਨੇ ਬੈਂਕਾਂ ਨੂੰ ਆਰਬੀਆਈ ਦੇ ਦਿਸਾ ਨਿਰਦੇਸਾਂ ਅਨੁਸਾਰ ਤੁਰੰਤ ਵਿੱਤੀ ਸਾਖਰਤਾ ਸਲਾਹਕਾਰ ਨਿਯੁਕਤ ਕਰਨ ਦੀ ਪ੍ਰਕ੍ਰਿਆ ਆਰੰਭ ਕਰਨ ਦੀ ਹਦਾਇਤ ਕੀਤੀ। ਇਸੇ ਤਰਾਂ ਉਨ੍ਹਾਂ ਨੇ ਜਿਲ੍ਹਾ ਲੀਡ ਬੈਂਕ ਮੈਨੇਜਰ ਨੂੰ ਨਿਰਦੇਸ ਦਿੱਤੇ ਕਿ ਜਦ ਕਿ ਬਕਾਇਦਾ ਆਰਸੇਟੀ ਦੀ ਸਥਾਪਨਾ ਨਹੀਂ ਹੁੰਦੀ ਕਿਸੇ ਆਰਜੀ ਇਮਾਰਤ ਵਿਚ ਆਰਸੇਟੀ ਸੁਰੂ ਕੀਤਾ ਜਾਵੇ। ਬੈਠਕ ਦੌਰਾਨ ਵੱਖ ਵੱਖ ਸਰਕਾਰੀ ਸਕੀਮਾਂ ਦੀ ਪ੍ਰਗਤੀ ਦਾ ਜਾਇਜਾ ਲਿਆ ਗਿਆ।

ਰੋਜ਼ਾਨਾ ਲੋਕ ਬਾਣੀ

ਇਸ ਮੌਕੇ ਆਰਬੀਆਈ ਦੇ ਏਜੀਐਮ ਯੋਗੇਸ ਅਗਰਵਾਲ ਨੇ ਬੈਂਕਾਂ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਿਰਧਾਰਤ ਟੀਚੇ ਪੂਰੇ ਕਰਨ ਲਈ ਕਿਹਾ।

ਨਾਬਾਰਡ ਦੇ ਡੀਡੀਐਮ ਸ੍ਰੀ ਅਮਿਤ ਕੁਮਾਰ ਗਰਗ ਨੇ ਫੂਡ ਪ੍ਰੋਸੈਸਿੰਗ ਸਬੰਧੀ ਸਰਕਾਰੀ ਸਕੀਮਾਂ ਦੀ ਜਾਣਕਾਰੀ ਦਿੱਤੀ।

ਐਲਡੀਐਮ ਸ੍ਰੀ ਰਾਜੇਸ ਕੁਮਾਰ ਚੌਧਰੀ ਨੇ ਦੱਸਿਆ ਕਿ ਪਹਿਲੀਆਂ ਦੋ ਤਿਮਾਹੀਆਂ ਦੌਰਾਨ ਜਿਲ੍ਹੇ ਵਿਚ ਖੇਤੀਬਾੜੀ ਅਤੇ ਸਹਿਯੋਗੀ ਖੇਤਰਾਂ ਨੂੰ 2420 ਕਰੋੜ ਦਾ ਵਿੱਤ ਮੁਹਈਆ ਕਰਵਾਇਆ ਗਿਆ ਹੈ ਜਦ ਕਿ ਐਮਐਸਐਮਈ ਨੂੰ 390 ਕਰੋੜ ਰੁਪਏ ਦਾ ਵਿੱਤ ਮੁਹਈਆ ਕਰਵਾਇਆ ਗਿਆ ਹੈ।

ਇਸ ਮੌਕੇ ਨਾਬਾਰਡ ਵੱਲੋਂ ਫਾਜਿਲਕਾ ਜਿਲ੍ਹੇ ਲਈ ਸਾਲ 2022-23 ਲਈ ਤਿਆਰ ਕੀਤੀ ਸੰਭਾਵਨਾਯੁਕਤ ਕਰਜ ਯੋਜਨਾ ਨੂੰ ਵੀ ਰਲੀਜ ਕੀਤਾ ਗਿਆ ।ਇਸ ਮੌਕੇ ਡਿਪਟੀ ਐਲਡੀਐਮ ਸ੍ਰੀ ਰਾਜਪਾਲ ਜਾਖੜ, ਸ੍ਰੀ ਤਲਵਿੰਦਰ ਸਿੰਘ, ਸ੍ਰੀ ਕੁਲਵੰਤ ਵਰਮਾ ਆਦਿ ਵੀ ਹਾਜਰ ਸਨ।

# ਸ਼ਾਤੀ ਦੇਵੀ ਕਾਲਜ ਚ ਡਾ. ਅੰਬੇਡਕਰ ਸਟੱਡੀ ਸੈਂਟਰ ਦੁਆਰਾ ਜਿਨਸੀ ਸੋਸ਼ਣ ਹਰਾਸਮੈਂਟ ਤੇ ਸੈਮੀਨਾਰ ਕਰਵਾਇਆ

**ਦੀਨਾਨਗਰ/ਡਾ.ਰਮੇਸ਼ ਸਰੰਗਲ**

ਸ਼ਾਤੀ ਦੇਵੀ ਕਾਲਜ ਦੀਨਾਨਗਰ ਡਾ: ਅੰਬੇਡਕਰ ਸਟੱਡੀ ਸੈਂਟਰ ਦੁਆਰਾ ਪ੍ਰਿੰਸੀਪਲ ਡਾ: ਰੀਨਾ ਤਲਵਾੜ ਦੀ ਪ੍ਰਧਾਨਗੀ ਹੇਠ ਵਰਕਪਲੇਸ਼ 'ਤੇ ਔਰਤਾਂ ਦੇ ਜਿਨਸੀ ਸੋਸਣ 'ਤੇ ਵੈਬੀਨਾਰ ਕਰਵਾਇਆ ਗਿਆ . ਜ?ਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਸ੍ਰੀਮਤੀ ਡਾ. ਨਵਦੀਪ ਕੌਰ ਗਿੱਲ ਅਤੇ ਡਾ ਐਲਐਸਏ ਦੇ ਮੈਂਬਰ ਐਡਵੋਕੇਟ ਪ੍ਰਭਦੀਪ ਸਿੰਘ ਸੰਧੂ ਇਸ ਵੈਬੀਨਾਰ ਦੇ ਮੁੱਖ ਬੁਲਾਰੇ ਸਨ। ਸ੍ਰੀਮਤੀ ਨਵਦੀਪ ਕੌਰ ਗਿੱਲ ਨੇ ਜਿਨਸੀ ਸੋਸਣ ਸਬੰਧੀ ਕਾਨੂੰਨੀ ਵਿਵਸਥਾਵਾਂ ਬਾਰੇ ਦੱਸਦਿਆਂ ਕਿਹਾ ਕਿ ਜੇਕਰ ਕੰਮ ਵਾਲੀ ਥਾਂ 'ਤੇ ਕਿਸੇ ਨਾਲ ਕੋਈ ਅਸਲੀਲ ਵਿਵਹਾਰ ਹੁੰਦਾ ਹੈ ਜਾਂ ਉਸ ਨੂੰ ਅਸਲੀਲ ਨਜਰੀਏ ਨਾਲ ਦੇਖਿਆ ਜਾਂਦਾ ਹੈ ਜਾਂ ਵਿਤਕਰਾ ਕੀਤਾ ਜਾਂਦਾ ਹੈ ਤਾਂ ਕਾਨੂੰਨ ਵਿਚ ਅਜਿਹੀਆਂ ਵਿਵਸਥਾਵਾਂ ਹਨ ਤਾਂ ਜੋ ਔਰਤਾਂ ਨੂੰ ਸੁਰੱਖਿਆ ਪ੍ਰਦਾਨ ਕੀਤੀ ਜਾਵੇ ਅਤੇ ਦੋਸੀਆਂ ਨੂੰ ਸਜਾਵਾਂ ਦਿੱਤੀਆਂ ਜਾ ਸਕਣ, ਉਨ੍ਹਾਂ ਜਿਨਸੀ ਸੋਸਣ ਐਕਟ 2013 ਦੀਆਂ ਧਾਰਾਵਾਂ ਬਾਰੇ ਵਿਸਥਾਰ ਸਹਿਤ ਦੱਸਿਆ ਅਤੇ ਵਿਦਿਆਰਥਣਾਂ ਨੂੰ ਆਪਣੇ ਦਫਤਰ ਦਾ ਪਤਾ ਦਿੰਦਿਆਂ ਕਿਹਾ ਕਿ ਜੇਕਰ ਉਨ੍ਹਾਂ ਨੂੰ ਕੋਈ ਸਮੱਸਿਆ ਆਉਂਦੀ ਹੈ ਤਾਂ ਵਿਦਿਆਰਥਣਾਂ ਮੈਡਮ ਨਵਦੀਪ ਨਾਲ ਜਾ ਕੇ ਆਪਣੀ ਸ?ਕਾਇਤ ਦਰਜ ਕਰਵਾ ਸਕਦੇ ਹੋ ਅਤੇ ਸਲਾਹ ਲੈ ਸਕਦੇ ਹੋ। ਇਸ ਤੋਂ ਬਾਅਦ ਐਡਵੋਕੇਟ ਪ੍ਰਦੀਪ ਸਿੰਘ ਨੇ ਭਾਰਤੀ ਸੰਵਿਧਾਨ ਅਤੇ ਇੰਡੀਅਨ ਪੀਨਲ ਕੋਡ ਦੀਆਂ ਕਈ ਧਾਰਾਵਾਂ ਬਾਰੇ ਦੱਸਦਿਆਂ ਕਿਹਾ ਕਿ ਭਾਰਤ ਸਰਕਾਰ ਲਈ ਔਰਤਾਂ ਦੀ ਸੁਰੱਖਿਆ ਸਭ ਤੋਂ ਵੱਡੀ ਗੱਲ ਹੈ ਅਤੇ ਇਸ ਲਈ ਕਈ ਕਾਨੂੰਨ ਬਣਾਏ ਗਏ ਹਨ, ਜਿਨ੍ਹਾਂ ਨੂੰ ਫੈਲਾਉਣ ਦੀ ਲੋੜ ਹੈ। ਜਾਗਰੂਕਤਾ ਪ੍ਰਿੰਸੀਪਲ ਡਾ: ਰੀਨਾ ਤਲਵਾੜ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਭਾਰਤੀ ਸੰਸਕ੍ਰਿਤੀ 'ਚ ਔਰਤਾਂ ਦਾ ਬਹੁਤ ਵੱਡਾ ਸਥਾਨ ਹੈ ਪਰ ਅੱਜ ਦੇ ਆਧੁਨਿਕ ਯੁੱਗ 'ਚ ਉਨ੍ਹਾਂ ਨੂੰ ਖੇਤਰ 'ਚ ਕੰਮ ਕਰਦੇ ਸਮੇਂ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ . ਮੀ ਟੂ ਮੁਹਿੰਮ ਵੀ ਇਸੇ ਸਮੱਸਿਆ ਨੂੰ ਉਜਾਗਰ ਕਰਦੀ ਹੈ।




ਰੋਜ਼ਾਨਾ ਲੋਕ ਬਾਣੀ

ਕਨੂੰਨ ਦਾ ਸਹਾਰਾ ਲੈ ਕੇ ਅਜਿਹੇ ਅਪਰਾਧਾਂ ਨੂੰ ਰੋਕਿਆ ਜਾ ਸਕਦਾ ਹੈ। ਵੈਬੀਨਾਰ ਦੇ ਕੋਆਰਡੀਨੇਟਰ ਅਤੇ ਡਾ: ਅੰਬੇਡਕਰ ਸਟੱਡੀ ਸੈਂਟਰ ਦੇ ਨਿਰਦੇਸਕ ਡਾ: ਬੱਤਰਾ ਨੇ ਕਿਹਾ ਕਿ ਸਿੱਖਿਆ ਦੇ ਪ੍ਰਸਾਰ ਅਤੇ ਸੰਵਿਧਾਨ ਵਿੱਚ ਬਰਾਬਰੀ ਦੇ ਅਧਿਕਾਰ ਵਿੱਚ ਔਰਤਾਂ ਨੂੰ ਕੰਮ ਵਾਲੀ ਥਾਂ 'ਤੇ ਕੰਮ ਕਰਨ ਲਈ ਕਈ ਮਾਪਦੰਡ ਦਿੱਤੇ ਗਏ ਹਨ, ਪਰ ਸੁਰੱਖਿਅਤ ਨਾ ਹੋਣ ਕਾਰਨ ਵਾਤਾਵਰਨ, ਔਰਤਾਂ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਕਾਰਨ ਉਨ੍ਹਾਂ ਨੂੰ ਸਰੀਰਕ, ਸਮਾਜਿਕ ਅਤੇ ਮਾਨਸਿਕ ਤਣਾਅ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਸਰਕਾਰ ਵੱਲੋਂ ਤਿੰਨ ਕਾਨੂੰਨ ਬਣਾਏ ਗਏ ਹਨ ਤਾਂ ਜੋ ਔਰਤਾਂ ਨੂੰ ਸੁਰੱਖਿਅਤ ਮਾਹੌਲ ਦਿੱਤਾ ਜਾ ਸਕੇ ਅਤੇ ਸਾਂਤੀ ਦੇਵੀ ਆਰੀਆ ਮਹਿਲਾ ਕਾਲਜ ਔਰਤਾਂ ਦੇ ਸਸਕਤੀਕਰਨ ਲਈ ਲਗਾਤਾਰ ਯਤਨਸੀਲ ਹੈ, ਕਾਨੂੰਨਾਂ ਬਾਰੇ ਜਾਣਕਾਰੀ ਦਿੱਤੀ ਜਾਵੇ ਤਾਂ ਜੋ ਉਹ ਕਿਸੇ ਵੀ ਖੇਤਰ ਵਿੱਚ ਅੱਗੇ ਵੱਧ ਕੇ ਸਫਲਤਾ ਵੱਲ ਕਦਮ ਵਧਾ ਸਕਣ। ਡਾ: ਅੰਜਨਾ ਮਲਹੋਤਰਾ ਨੇ ਦੀਪਕ ਜੋਤੀ, ਪ੍ਰਿਅੰਕਾ ਗੁਪਤਾ, ਤਕਨੀਕੀ ਸਟਾਫ ਅਤੇ ਕਾਲਜ ਸਟਾਫ ਦਾ ਧੰਨਵਾਦ ਕੀਤਾ।

## ਸੰਖੇਪ ਖਬਰਾਂ

### ਫੰਡਜਇੰਡੀਆ ਨੇ ਨਿਵੇਸਕਾਂ ਲਈ ਇੱਕ ਵਿਸੇਸ ਉਤਪਾਦ ਸੂਟ ਲਾਂਚ ਕੀਤਾ

**ਲੁਧਿਆਣਾ/ਲੋਕ ਬਾਣੀ :** ਫੰਡਜਇੰਡੀਆ, ਵੈਲਥ ਇੰਡੀਆ ਫਾਈਨੈਂਸੀਅਲ ਸਰਵਿਸਿਜ ਪ੍ਰਾਈਵੇਟ ਲਿਮਿਟੇਡ ਦੀ ਇੱਕ ਪਹਿਲਕਦਮੀ ਨੇ ਅੱਜ ਨਿਵੇਸਕਾਂ ਲਈ ਆਪਣੇ ਵਿਸੇਸ ਉਤਪਾਦ ਸੂਟ ਦੀ ਸੁਰੂਆਤ ਦਾ ਐਲਾਨ ਕੀਤਾ ਹੈ . ਨਿਵੇਸ ਸੂਟ ਵਿੱਚ ਇੱਕ-ਨਾਲ-ਇੱਕ ਰਿਸਤੇ ਦਾ ਨਿੱਜੀ ਧਿਆਨ ਅਤੇ ਪਾਵਰ ਐੱਸ.ਆਈ.ਪੀ, ਪਾਵਰ ਐੱਸ.ਟੀ.ਪੀ, ਆਟੋਮੇਟਿਡ ਪੋਰਟਫੋਲੀਓ ਹੈਲਥ ਚੈਕਅੱਪ, ਅਤੇ ਮਨੀਮਿੱਤਰ - ਭਾਰਤ ਵਿੱਚ ਸਭ ਤੋਂ ਦੋਸਤਾਨਾ ਰੋਬੋ ਨਿਵੇਸ ਗਾਈਡ ਵਰਗੇ ਉਤਪਾਦਾਂ ਦੀ ਇੱਕ ਸ੍ਰੇਣੀ ਸਾਮਲ ਹੈ . ਇਸ ਸੂਟ ਨੂੰ ਡਿਜੀਲੌਕਰ ਵਿਸੇਸਤਾ ਦੁਆਰਾ ਅੱਗੇ ਵਧਾਇਆ ਗਿਆ ਹੈ, ਜੋ ਤੁਹਾਨੂੰ ਤੁਰੰਤ ਖਾਤਾ ਬਣਾਉਣ ਵਿੱਚ ਮਦਦ ਕਰਦਾ ਹੈ। ਇਸ ਮੌਕੇ 'ਤੇ ਟਿੱਪਣੀ ਕਰਦੇ ਹੋਏ, ਫੰਡਜਇੰਡੀਆ ਦੇ ਮੁੱਖ ਕਾਰਜਕਾਰੀ ਅਧਿਕਾਰੀ, ਗਿਰੀਰਾਜਨ ਮੁਰੂਗਨ ਨੇ ਕਿਹਾ, "ਸਾਡਾ ਉਦੇਸ ਹਰ ਇੱਕ ਭਾਰਤੀ ਨੂੰ ਵਿਸਵ ਪੱਧਰੀ ਨਿਵੇਸ ਪਲੇਟਫਾਰਮ ਦੇ ਨਾਲ ਸਸਕਤ ਬਣਾਉਣਾ ਰਿਹਾ ਹੈ ਅਤੇ ਹਮੇਸਾ ਰਹੇਗਾ ਜੋ ਉੱਚ ਪੱਧਰੀ ਤਕਨਾਲੋਜੀ ਦੁਆਰਾ ਸੰਚਾਲਿਤ ਹੋਵੇ ਅਤੇ ਆਧੁਨਿਕ ਨਿਵੇਸ ਮਾਰਗਦਰਸਨ ਦੀ ਪੇਸਕਸ ਵੀ ਕਰਦਾ ਹੋਵੇ . ਇਨ੍ਹਾਂ ਉਤਪਾਦਾਂ ਦੀ ਸੁਰੂਆਤ ਦੇ ਨਾਲ, ਅਸੀਂ ਨਿਵੇਸ ਵਿਕਲਪਾਂ ਦੀ ਵਿਭਿੰਨਤਾ ਦੇ ਨਾਲ ਆਪਣੇ ਗਾਹਕਾਂ ਦੇ ਨਿਵੇਸ ਅਨੁਭਵ ਨੂੰ ਹੋਰ ਵਧਾਉਣ ਦੀ ਉਮੀਦ ਕਰਦੇ ਹਾਂ ਅਤੇ 2023 ਤੱਕ ਸਾਡੇ ਗਾਹਕ ਅਧਾਰ ਨੂੰ ਦੁੱਗਣਾ ਕਰਨ ਦਾ ਟੀਚਾ ਰੱਖਦੇ ਹਾਂ . ਅਸੀਂ ਬਹੁਤ ਸਾਰੇ ਮਾਮਲੇ ਵੇਖੇ ਹਨ ਕਿ ਕਿਵੇਂ ਇੱਕ ਨਿਵੇਸ ਇੱਕ ਵਿਅਕਤੀ ਦੀ ਜੀਵਨ ਸੈਲੀ ਨੂੰ ਬਦਲ ਸਕਦਾ ਹੈ ਅਤੇ ਉਸਦੀ ਆਰਥਿਕ ਸਥਿਤੀ ਨੂੰ ਵਧਾ ਸਕਦਾ ਹੈ।

### ਹਲਕਾ ਗੜ੍ਹਸ਼ੰਕਰ 'ਚ ਕਾਂਗਰਸ ਨੂੰ ਝਟਕਾ, ਪਤੀ-ਪਤਨੀ ਆਗੂ ਪੰਜਾਬ ਲੋਕ ਕਾਂਗਰਸ 'ਚ ਹੋਏ ਸ਼ਾਮਿਲ

**ਗੜ੍ਹਸ਼ੰਕਰ/ਲੋਕ ਬਾਣੀ :** ਵਿਧਾਨ ਸਭਾ ਹਲਕਾ ਗੜ੍ਹਸ਼ੰਕਰ 'ਚ 2022 ਦੀਆਂ ਚੋਣਾਂ ਤੋਂ ਪਹਿਲਾਂ ਕਾਂਗਰਸ ਨੂੰ ਵੱਡੇ ਝਟਕੇ ਦੇ ਰੂਪ 'ਚ ਦਲ ਬਦਲਣ ਦੀ ਪਹਿਲੀ ਵੱਡੀ ਖ਼ਬਰ ਸਾਹਮਣੇ ਆਈ ਹੈ। ਲੰਮੇ ਸਮੇਂ ਤੋਂ ਹਲਕੇ 'ਚ ਸਰਗਰਮ ਕਾਂਗਰਸ ਦੀ ਟਿਕਟ ਦੀ ਦਾਅਵੇਦਾਰ ਮਹਿਲਾ ਕਾਂਗਰਸੀ ਆਗੂ ਸਰਿਤਾ ਸ਼ਰਮਾ ਡਾਇਰੈਕਟਰ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਪੰਜਾਬ ਤੇ ਉਸਦੇ ਪਤੀ ਕਾਂਗਰਸੀ ਆਗੂ ਕੁਲਵਿੰਦਰ ਬਿੱਟੂ ਜ਼ਿਲ੍ਹਾ ਉਪ ਪ੍ਰਧਾਨ ਨੇ ਅੱਜ ਕਾਂਗਰਸ ਨੂੰ ਅਲਵਿਦਾ ਕਹਿੰਦੇ ਹੋਏ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਲੋਕ ਕਾਂਗਰਸ ਵਿਚ ਸ਼ਮੂਲੀਅਤ ਕੀਤੀ ਹੈ।

### ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਪੁੱਜੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨਾਲ ਸੰਬੰਧਤ ਕਿਸਾਨ ਆਗੂ

**ਅੰਮ੍ਰਿਤਸਰ/ਲੋਕ ਬਾਣੀ :** ਖੇਤੀ ਕਾਨੂੰਨਾਂ ਖ਼ਿਲਾਫ਼ ਜਿੱਤ ਪ੍ਰਾਪਤ ਕਰਨ ਉਪਰੰਤ ਅੱਜ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨਾਲ ਸੰਬੰਧਤ ਕਿਸਾਨ ਆਗੂ ਸਤਨਾਮ ਸਿੰਘ ਪੰਨੂੰ, ਸਰਵਨ ਸਿੰਘ ਪੰਧੇਰ ਤੇ ਹੋਰ ਆਗੂ ਕਿਸਾਨਾਂ ਦੇ ਕਾਫ਼ਲੇ ਸਮੇਤ ਅੱਜ ਸ਼ਾਮ ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਤੇ ਸ਼ੁਕਰਾਨਾ ਕਰਨ ਪੁੱਜੇ। ਇਸ ਮੌਕੇ ਸ੍ਰੋਮਣੀ ਕਮੇਟੀ ਵਲੋਂ ਸੂਚਨਾ ਕੇਂਦਰ ਵਿਖੇ ਸ: ਪੰਨੂੰ ਤੇ ਪੰਧੇਰ ਨੂੰ ਸਿਰੋਪਾਉ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਬੀਤੇ ਦਿਨ ਸੰਯੁਕਤ ਕਿਸਾਨ ਮੋਰਚੇ ਨਾਲ ਸੰਬੰਧਤ ਕਈ ਸੀਨੀਅਰ ਆਗੂ ਤੇ ਕਿਸਾਨ ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਨ ਪੁੱਜੇ ਸਨ।

### ਪਾਕਿ 'ਚ 8 ਸਾਲਾ ਹਿੰਦੂ ਬੱਚੀ ਨਾਲ ਸਮੂਹਿਕ ਜਬਰ-ਜਨਾਹ

**ਅੰਮ੍ਰਿਤਸਰ/ਲੋਕ ਬਾਣੀ :** ਪਾਕਿਸਤਾਨ ਦੇ ਸੂਬਾ ਸਿੰਧ 'ਚ 8 ਸਾਲ ਦੀ ਹਿੰਦੂ ਬੱਚੀ ਨਾਲ ਸਮੂਹਿਕ ਜਬਰ-ਜਨਾਹ ਅਤੇ ਵਹਿਸ਼ੀਆਨਾ ਢੰਗ ਨਾਲ ਕੁੱਟਮਾਰ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਕਵਿਤਾ ਭੀਲ ਪੁੱਤਰੀ ਮਰੂ ਭੀਲ ਨਿਵਾਸੀ ਗੋਤ ਅਲੀ ਨੂੰ ਅਗਵਾ ਕਰਕੇ ਕੁੱਝ ਅਣਪਛਾਤੇ ਵਿਅਕਤੀਆਂ ਵਲੋਂ ਪਿੰਡ ਦੇ ਬਾਹਰਵਾਰ ਖੇਤਾਂ 'ਚ ਬਣੇ ਡੇਰੇ 'ਤੇ ਲਿਜਾ ਕੇ ਉਸ ਨਾਲ ਸਮੂਹਿਕ ਜਬਰ-ਜਨਾਹ ਕੀਤਾ ਗਿਆ। ਇਸ ਦੇ ਬਾਅਦ ਉਕਤ ਲੜਕੀ ਨਾਲ ਵਹਿਸ਼ੀ ਢੰਗ ਨਾਲ ਕੁੱਟਮਾਰ ਕੀਤੀ ਗਈ ਅਤੇ ਬਾਅਦ 'ਚ ਉਸ ਨੂੰ ਮ੍ਰਿਤਕ ਸਮਝ ਕੇ ਅਗਵਾਕਾਰ ਕਿਸੇ ਸੁੰਨਸਾਨ ਜਗ੍ਹਾ 'ਤੇ ਸੁੱਟ ਕੇ ਫ਼ਰਾਰ ਹੋ ਗਏ।

### ਅਮਰੀਕਾ 'ਚ ਚੱਲੀਆਂ ਗੋਲੀਆਂ, ਇੱਕ ਦੀ ਮੌਤ, 13 ਜਣੇ ਜ਼ਖਮੀ

**ਬੇਟਾਉਨ/ਲੋਕ ਬਾਣੀ :** ਅਮਰੀਕਾ ਵਿੱਚ ਹਿਊਸਟਨ ਨੇੜੇ ਤਿਉਹਾਰ ਦੇ ਚੱਲ ਰਹੇ ਇਕੱਠ 'ਚ ਐਤਵਾਰ ਰਾਤ ਨੂੰ ਗੋਲੀਬਾਰੀ ਦੀ ਘਟਨਾ 'ਚ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ ਘੱਟੋ-ਘੱਟ 13 ਹੋਰ ਜਖਮੀ ਹੋ ਗਏ। ਇੱਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਹੈਰਿਸ ਕਾਉਂਟੀ ਦੇ ਸੈਰਿਫ ਐਡ ਗੋਂਜਾਲੇਜ ਨੇ ਦੱਸਿਆ ਕਿ ਗੋਲੀਬਾਰੀ ਸਾਮ 6.40 ਵਜੇ ਦੇ ਕਰੀਬ ਹੋਈ ਜਦੋਂ ਬੇਟਾਊਨ ਦੇ ਨੌਰਥ ਮਾਰਕਿਟ ਲੂਪ ਨੇੜੇ 50 ਲੋਕਾਂ ਦਾ ਇੱਕ ਸਮੂਹ ਜਸਨ ਮਨਾਉਣ ਲਈ ਇਕੱਠਾ ਹੋਇਆ ਸੀ। ਉਨ੍ਹਾਂ ਦੱਸਿਆ ਕਿ ਇਹ ਲੋਕ ਜਸ਼ਨ ਮਨਾ ਰਹੇ ਸਨ ਅਤੇ ਹਵਾ ਵਿੱਚ ਗੁੱਬਾਰੇ ਛੱਡ ਹੀ ਰਹੇ ਸਨ ਕਿ ਉੱਥੇ ਇੱਕ ਗੱਡੀ ਪਹੁੰਚੀ ਅਤੇ ਭੀੜ 'ਤੇ ਗੋਲੀਆਂ ਚਲਾ ਦਿੱਤੀਆਂ। ਗੋਂਜਾਲੇਜ ਨੇ ਸੋਮਵਾਰ ਸਵੇਰੇ ਦੱਸਿਆ ਕਿ ਜਿਸ ਵਿਅਕਤੀ ਦੀ ਮੌਤ ਹੋਈ ਉਸ ਦੀ ਉਮਰ ਕਰੀਬ 20-22 ਸਾਲ ਸੀ। ਉਨ੍ਹਾਂ ਦੱਸਿਆ ਕਿ ਤਿੰਨ ਜਖ਼ਮੀਆਂ ਨੂੰ ਹੈਲੀਕਾਪਟਰ ਰਾਹੀਂ ਹਸਪਤਾਲ ਲਿਜਾਇਆ ਗਿਆ। ਅਜਿਹਾ ਕਿਹਾ ਜਾ ਰਿਹਾ ਹੈ ਕਿ ਜਖ਼ਮੀਆਂ ਵਿੱਚ ਇੱਕ ਛੋਟਾ ਬੱਚਾ ਹੈ।

### ਜ਼ਿਲ੍ਹਾ ਅਤੇ ਸਬ ਡਵੀਜ਼ਨ ਪੱਧਰ 'ਤੇ 16 ਤੇ 17 ਦਸੰਬਰ ਨੂੰ ਲੱਗਣਗੇ ਸੁਵਿਧਾ ਕੈਂਪ

**ਜਲੰਧਰ/ਲੋਕ ਬਾਣੀ :** ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੀਆਂ ਬਰੂਹਾਂ 'ਤੇ ਨਾਗਰਿਕ ਸਹੂਲਤਾਂ ਦਾ ਲਾਭ ਦੇਣ ਦੇ ਮਕਸਦ ਨਾਲ ਜ਼ਿਲ੍ਹਾ ਪ੍ਰਸ਼ਾਸਨ 16 ਅਤੇ 17 ਦਸੰਬਰ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਅਤੇ ਸਬ ਡਵੀਜ਼ਨ ਪੱਧਰ 'ਤੇ ਸੁਵਿਧਾ ਕੈਂਪ ਲਾ ਰਿਹਾ ਹੈ। ਡਿਪਟੀ ਕਮਿਸ਼ਨਰ ਘਨਸ਼ਿਆਮ ਥੋਰੀ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਕੈਂਪਾਂ ਦੌਰਾਨ ਵੱਖ-ਵੱਖ ਵਿਭਾਗਾਂ ਦੇ ਸਬੰਧਤ ਅਧਿਕਾਰੀ ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤੱਕ ਕੈਂਫ ਵਾਲੀ ਥਾਂ 'ਤੇ ਮੌਜੂਦ ਰਹਿਣਗੇ ਤਾਂ ਜੋ ਲੋਕਾਂ ਨੂੰ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰਨ ਸਬੰਧੀ ਕਾਰਵਾਈ ਮੌਕੇ 'ਤੇ ਕੀਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰ 'ਤੇ ਇਹ ਕੈਂਪ ਐਸ.ਡੀ.ਐਮ. ਜਲੰਧਰ-1 ਅਤੇ 2 ਵੱਲੋਂ ਵਧੀਕ ਡਿਪਟੀ ਕਮਿਸ਼ਨਰ (ਜ) ਦੀ ਨਿਗਰਾਨੀ ਹੇਠ ਲਗਾਏ ਜਾਣਗੇ ਅਤੇ ਸਬ ਡਵੀਜ਼ਨ ਪੱਧਰ 'ਤੇ ਨਕੋਦਰ, ਸ਼ਾਹਕੋਟ ਅਤੇ ਫਿਲੌਰ ਵਿਖੇ ਸਬੰਧਤ ਐਸ.ਡੀ.ਐਮਜ਼ ਵੱਲੋਂ ਇਹ ਕੈਂਪ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਦੀ ਦੇਖ-ਰੇਖ ਵਿੱਚ ਲੱਗਣਗੇ। ਘਨਸ਼ਿਆਮ ਥੋਰੀ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਇਨ੍ਹਾਂ ਕੈਂਪਾਂ ਵਿੱਚ ਭਰਵੀਂ ਸ਼ਮੂਲੀਅਤ ਨੂੰ ਯਕੀਨੀ ਬਣਾਉਂਦਿਆਂ ਲੋੜੀਂਦੀਆਂ ਸੇਵਾਵਾਂ ਹਾਸਲ ਕਰਨ ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚ ਲੋਕਾਂ ਨੂੰ ਸਮਾਜਿਕ ਸੁਰੱਖਿਆ ਵਿਭਾਗ, ਪਾਵਰਕਾਮ, ਸਿਹਤ ਵਿਭਾਗ, ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ, ਸਥਾਨਕ ਸਰਕਾਰਾਂ ਵਿਭਾਗ, ਟਰਾਂਸਪੋਰਟ ਆਦਿ ਨਾਲ ਸਬੰਧਤ ਸਹੂਲਤਾਂ ਹਾਸਲ ਕਰਨ ਲਈ ਪ੍ਰਕਿਰਿਆ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ।

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ/ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016/2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) / Contect No. : 0181-2211009, Fax : 2211009 / Email Id : lokbani08@gmail.com / Webside : lokbani.com

# ਕਲੱਸਟਰ ਵਜੀਦਪੁਰ ਵਿਖੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਖੇਡਾਂ ਆਯੋਜਿਤ

**ਪਟਿਆਲਾ/ਜਗਦੀਸ ਰਾਈਕਾ**

ਜਿਲ੍ਹਾ ਸਿੱਖਿਆ ਅਫਸਰ ਇੰ ਅਮਰਜੀਤ ਸਿੰਘ ਅਤੇ ਬੀ ਪੀ ਈ ਓ ਸ ਜਸਵਿੰਦਰ ਸਿੰਘ ਦੀ ਰਹਿਨੁਮਾਈ ਵਿੱਚ ਕਲੱਸਟਰ ਵਜੀਦਪੁਰ ਦੀਆਂ ਖੇਡਾਂ ਦਾ ਸੰਚਾਲਨ ਸ੍ਰੀਮਤੀ ਜਸਪ੍ਰੀਤ ਕੌਰ ਸੈਂਟਰ ਹੈੱਡ ਟੀਚਰ ਵਜੀਦਪੁਰ ਦੀ ਪ੍ਰਧਾਨਗੀ ਚ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਕਲੱਸਟਰ ਪੱਧਰੀ ਖੇਡਾਂ ਆਯੋਜਿਤ ਕੀਤੀਆਂ ਗਈਆਂ। ਇਹਨਾਂ ਖੇਡਾਂ ਵਿੱਚ ਵਜੀਦਪੁਰ ਕਲੱਸਟਰ ਦੇ ਸਕੂਲਾਂ ਅਸਾਹਿਬਪੁਰਾ,ਬਰਸਟ, ਬਿਸਨਪੁਰ ਛੰਨਾ, ਚੂਹੜਪੁਰ ਕਲਾਂ, ਚੂਹੜਪੁਰ ਖੁਰਦ,ਜਾਹਲਾਂ, ਮਹਿਮਾਦਪੁਰ,ਰਾਜਗੜ੍ਹ ਅਤੇ ਵਜੀਦਪੁਰ ਦੇ ਵਿਦਿਆਰਥੀਆਂ ਨੇ ਭਾਗ ਲਿਆ।ਇਹਨਾਂ ਖੇਡਾਂ ਦਾ ਰਸਮੀ ਉਦਘਾਟਨ ਸ ਜਸਵਿੰਦਰ ਸਿੰਘ ਨੇ ਕੀਤਾ।ਇਸ ਦੌਰਾਨ ਬੱਚਿਆਂ ਨੂੰ ਇਨਾਮ ਵੰਡਣ ਦੀ ਰਸਮ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸ ਜਸਵਿੰਦਰ ਸਿੰਘ ਨੇ ਕੀਤੀ ਅਤੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਖੇਡਾਂ ਨਾਲ ਬੱਚਿਆਂ ਦਾ ਸਰਵਪੱਖੀ ਵਿਕਾਸ ਹੁੰਦਾ ਹੈ। ਇਸ ਲਈ ਬੱਚਿਆਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਨੂੰ ਸੰਤੁਲਿਤ ਰੱਖਣ ਲਈ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਮੌਕੇ ਦੌੜਾਂ, ਲੰਬੀ ਛਾਲ, ਗੋਲਾ ਸੁੱਟਣਾ,ਰਿਲੇਅ ,ਰੱਸੀ ਕੁੱਦਣਾ,ਆਦਿ ਖੇਡਾਂ ਕਰਵਾਈਆਂ ਗਈਆਂ। ਇਸ ਤੋਂ ਇਲਾਵਾ ਲਾਲ ਸਿੰਘ, ਸਤਨਾਮ ਸਿੰਘ, ਗੁਰਤੇਜ ਸਿੰਘ, ਹਰਪ੍ਰੀਤ ਕੌਰ, ਗੁਰਦੇਵ ਸਿੰਘ, ਰਿੰਕੂ ਗੁਪਤਾ,ਗੁਰਪ੍ਰੀਤ ਕੌਰ,ਹਰਜਿੰਦਰ ਸਿੰਘ,ਸੋਭਨਾ ,ਪਰਮਜੀਤ ਕੌਰ ਆਦਿ ਅਧਿਆਪਕ ਹਾਜਰ ਸਨ।




# ਨੈਸ਼ਨਲ ਲੋਕ ਅਦਾਲਤ 'ਚ 27381 ਕੇਸਾਂ 'ਚੋਂ 13081 ਕੇਸਾਂ ਦਾ ਨਿਪਟਾਰਾ ਦੋਹਾਂ ਧਿਰਾਂ ਦੀ ਆਪਸੀ ਸਹਿਮਤੀ ਰਾਹੀਂ ਕਰਵਾਇਆ ਗਿਆ : ਮੁਨੀਸ਼ ਸਿੰਗਲ

**ਲੁਧਿਆਣਾ/ਸੁਖਚੈਨ ਮਹਿਰਾ ,ਕਰਨ ਅੱਗਰਵਾਲ**

ਮਾਣਯੋਗ ਜੱਜ ਸ੍ਰੀ ਅਜੇ ਤਿਵਾੜੀ, ਪੰਜਾਬ ਅਤੇ ਹਰਿਆਣਾ ਹਾਈਕੋਰਟ-ਕਮ-ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਮਾਣਯੋਗ ਜੱਜ ਅਗਸਟੀਨ ਜ਼ੋਰਜ ਮਸੀਹ, ਪੰਜਾਬ ਅਤੇ ਹਰਿਆਣਾ ਹਾਈਕੋਰਟ-ਕਮ-ਪ੍ਰਬੰਧਕੀ ਜੱਜ, ਸੈਸ਼ਨਜ਼ ਡਵੀਜਨ, ਲੁਧਿਆਣਾ ਦੀਆਂ ਹਦਾਇਤਾਂ ਅਤੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ੍ਰੀ ਮੁਨੀਸ਼ ਸਿੰਗਲ, ਮਾਨਯੋਗ ਜਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਜੀ ਦੀ ਪ੍ਰਧਾਨਗੀ ਅਤੇ ਸ੍ਰੀ ਪੀ.ਐਸ. ਕਾਲੇਕਾ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਦੀ ਦੇਖ ਰੇਖ ਹੇਠ ਅੱਜ ਮਿਤੀ 11-12-2021 ਨੂੰ ਜਿਲ੍ਹਾ ਕਚਹਿਰੀਆਂ, ਲੁਧਿਆਣਾ ਅਤੇ ਉਪ ਮੰਡਲ ਪੱਧਰ ਜਗਰਾਓਂ, ਖੰਨਾ, ਸਮਰਾਲਾ ਅਤੇ ਪਾਇਲ ਵਿਖੇ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ।

ਲੋਕ ਅਦਾਲਤ ਬੈਂਚਾਂ ਦੇ ਸਹਿਯੋਗ ਲਈ ਹਰ ਲੋਕ ਅਦਾਲਤ ਬੈਂਚ ਵਿੱਚ ਇੱਕ ਸੀਨੀਅਰ ਐਡਵੋਕੇਟ ਅਤੇ ਇੱਕ ਉੱਘੇ ਸਮਾਜ ਸੇਵਕ ਨੂੰ ਬਤੌਰ ਮੈਂਬਰ ਨਾਮਜ਼ਦ ਕੀਤਾ ਗਿਆ ਸੀ ।

ਅੱਜ ਦੀ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਸ੍ਰੀ ਮੋਹਿਤ ਬੰਸਲ, ਮਾਨਯੋਗ ਵਧੀਕ ਜਿਲ੍ਹਾ ਤੇ ਸੈਸ਼ਨ ਜੱਜ, ਲੁਧਿਆਣਾ, ਮੈਡਮ ਮਨੀ ਅਰੋੜਾ, ਵਧੀਕ ਸਿਵਲ ਜੱਜ (ਸੀਨੀਅਰ ਡਵੀਜਨ), ਖੰਨਾ, ਮੈਡਮ ਏਕਤਾ ਸਹੋਤਾ, ਵਧੀਕ ਸਿਵਲ ਜੱਜ (ਸੀਨੀਅਰ ਡਵੀਜਨ), ਪਾਇਲ, ਮੈਡਮ ਮੇਘਾ ਧਾਲੀਵਾਲ, ਵਧੀਕ ਸਿਵਲ ਜੱਜ (ਸੀਨੀਅਰ ਡਵੀਜਨ), ਸਮਰਾਲਾ ਅਤੇ ਸ੍ਰੀ ਹਰਜਿੰਦਰ ਸਿੰਘ, ਸਿਵਲ ਜੱਜ (ਜੂਨੀਅਰ ਡਵੀਜਨ), ਜਗਰਾਓਂ ਦੇ ਲੋਕ ਅਦਾਲਤ ਬੈਂਚਾਂ ਵੱਲੋਂ ਲੋਕ ਅਦਾਲਤ ਕੇਸਾਂ ਦੀ ਸੁਣਵਾਈ ਆਨਲਾਈਨ () ਕੀਤੀ ਗਈ । ਅੱਜ ਦੀ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਕੁੱਲ 27381 ਕੇਸ ਨਿਪਟਾਰੇ ਲਈ ਰੱਖੇ ਗਏ ਸਨ ਜਿਨ੍ਹਾਂ ਵਿੱਚੋਂ 13084 ਕੇਸਾਂ ਦਾ ਨਿਪਟਾਰਾ ਦੋਹਾਂ ਧਿਰਾਂ ਦੀ ਆਪਸੀ ਸਹਿਮਤੀ ਰਾਹੀਂ ਕਰਵਾਇਆ ਗਿਆ। ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਵੱਲੋਂ ਕੀਤੇ ਗਏ ਇਸ ਨੈਸ਼ਨਲ ਲੋਕ ਅਦਾਲਤ ਦੇ ਪ੍ਰਚਾਰ ਸਦਕਾ ਇਸ ਨੈਸ਼ਨਲ ਲੋਕ ਅਦਾਲਤ ਦੌਰਾਨ 71,21,03,632/- ਰੁਪਏ ਦੇ ਅਵਾਰਡ ਪਾਸ ਕੀਤੇ ਗਏ। ਇਸ ਮੌਕੇ ਤੇ ਸ੍ਰੀ ਮੁਨੀਸ਼ ਸਿੰਗਲ, ਮਾਨਯੋਗ ਜਿਲ੍ਹਾ ਤੇ ਸੈਸ਼ਨਜ਼-ਕਮ-ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਜੀ ਵੱਲੋਂ ਦੱਸਿਆ ਗਿਆ ਕਿ ਨੈਸ਼ਨਲ ਲੋਕ ਅਦਾਲਤ ਵਿੱਚ ਲੋਕਾਂ ਵੱਲੋਂ ਕੇਸਾਂ ਦੇ ਨਿਪਟਾਰੇ ਲਈ ਭਾਰੀ ਉਤਸ਼ਾਹ ਦਿਖਾਇਆ ਗਿਆ। ਲੋਕ ਅਦਾਲਤ ਦੀ ਮਹੱਤਤਾ




- **ਨੈਸ਼ਨਲ ਲੋਕ ਅਦਾਲਤ ਰਾਹੀਂ ਕੇਸ਼ਾਂ ਦਾ ਨਿਪਟਾਰਾ ਛੇਤੀ ਤੇ ਸਸਤ ਨਿਆਂ ਪ੍ਰਾਪਤ ਕਰਨ ਦੀ ਕੀਤੀ ਅਪੀਲ**
- **ਨੈਸ਼ਨਲ ਲੋਕ ਅਦਾਲਤ ਰਾਹੀਂ ਕੇਸਾਂ ਦਾ ਨਿਪਟਾਰਾ ਛੇਤੀ ਅਤੇ ਸਸਤਾ ਨਿਆਂ ਪ੍ਰਾਪਤ ਕਰਨ ਦੀ ਕੀਤੀ ਅਪੀਲ**

## ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਚਿਲਡਰਨ ਹੋਮ ( ਲੜਕੇ ) ਦਾ ਦੌਰਾ

**ਗੁਰਦਾਸਪੁਰ/ਨਵਨੀਤ ਕੁਮਾਰ** : ਮਿਸ ਨਵਦੀਪ ਕੌਰ ਗਿੱਲ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਵਲੋਂ ਚਿਲਡਰਨ ਹੋਮ ਗੁਰਦਾਸਪੁਰ ਦਾ ਦੌਰਾ ਕੀਤਾ ਗਿਆ । ਇਸ ਦੌਰੇ ਦੌਰਾਨ ਮੈਡਮ ਨਵਦੀਪ ਕੌਰ ਗਿੱਲ ਨਾਲ ਨਵ ਨਿਯੁਕਤ ਜੱਜ ਸਾਹਿਬਾਨ ਸ੍ਰੀ ਯੋਗੇਸ ਵੀ ਮੌਜੂਦ ਸਨ । ਉਹਨਾਂ ਵਲੋਂ ਚਿਲਡਰਨ ਹੋਮ ਗੁਰਦਾਸਪੁਰ ਦੇ ਹਰੇਕ ਕਮਰੇ ਦਾ ਨਿਰੀਖਣ ਕੀਤਾ ਗਿਆ । ਇਸ ਮੌਕੇ ਸੁਪਰਡੈਂਟ ਚਿਲਡਰਨ ਹੋਮ ਗੁਰਦਾਸਪੁਰ ਤੋਂ ਇਲਾਵਾ ਬਾਕੀ ਸਟਾਫ਼ ਵੀ ਮੌਜੂਦ ਸੀ । ਚਿਲਡਰਨ ਹੋਮ ਵਿੱਚ ਦੌਰੇ ਦੌਰਾਨ 15 ਬੱਚੇ ਮੌਜੂਦ ਸਨ । ਉਸ ਸਮੇਂ ਕੁਝ ਬੱਚੇ ਖੇਡ ਰਹੇ ਸਨ ਅਤੇ ਕੁਝ ਬੱਚੇ ਕੰਪਿਊਟਰ ਤੇ ਕੰਮ ਕਰ ਰਹੇ ਸਨ । ਮੈਡਮ ਨਵਦੀਪ ਕੌਰ ਗਿੱਲ , ਸਕੱਤਰ , ਜ਼ਿਲ੍ਹਾ ਕਾਨੂੰਨੀ ਸਵਾਵਾਂ ਅਥਾਰਟੀ ਗੁਰਦਾਸਪੁਰ ਦੁਆਰਾ ਅਤੇ ਨਵੇਂ ਨਿਯੁਕਤ ਜੱਜ ਸਾਹਿਬਾਨ ਸ੍ਰੀ ਯੋਗੇਸ ਬੱਚਿਆਂ ਨੂੰ ਮਿਲਣ ਗਿਆ ਅਤੇ ਉਨ੍ਹਾਂ ਨਾਲ ਗੱਲਬਾਤ ਕੀਤੀ । ਮੈਡਮ ਗਿੱਲ ਦੁਆਰਾ ਬੱਚਿਆਂ ਨੂੰ ਵਧੀਆਂ ਤਰੀਕੇ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ ਅਤੇ ਨਾਲ ਹੀ ਆਪਸ ਵਿੱਚ ਮਿਲ ਜੁਲਕੇ ਅਤੇ ਪਿਆਰ ਨਾਲ ਰਹਿਣ ਲਈ ਕਿਹਾ ਅਤੇ ਉਹਨਾਂ ਨੂੰ ਅਸੀਰਵਾਦ ਵੀ ਦਿੱਤਾ ।

# ਮੰਤਰੀ ਗੁਰਕੀਰਤ ਸਿੰਘ ਨੇ ਸਕੂਲਾਂ ਅਤੇ ਸੰਸਥਾਵਾਂ ਨੂੰ ਰਾਸੀ ਵੰਡੀ

**ਖੰਨਾ/ਤੇਜਿੰਦਰ ਸਿੰਘ ਆਰਟਿਸਟ**

ਪੰਜਾਬ ਦੇ ਮੰਤਰੀ ਗੁਰਕੀਰਤ ਸਿੰਘ ਨੇ ਖੰਨਾ ਦੇ ਲੋਕਾਂ ਨਾਲ ਵਿਕਾਸ ਲਈ ਕੰਮਾਂ ਲਈ ਸਕੂਲਾਂ ਅਤੇ ਸੰਸਥਾਵਾਂ ਲਈ ਗ੍ਰਾਂਟ ਦਿੱਤੀ ਗਈ। ਜ?ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਖੰਨਾ ਨੇ ਡਿਮਾਂਡ ਡਰਾਫਟ ਸਮੇਤ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਨੂੰ ਪੱਤਰ ਭੇਜ ਕੇ ਇਨ੍ਹਾਂ ਨੂੰ ਜਲਦੀ ਤੋਂ ਜਲਦੀ ਵੰਡਣ ਦੀ ਹਦਾਇਤ ਕੀਤੀ ਹੈ। ਡੀਡੀਪੀਓ ਦਫਤਰ ਨੇ ਸਪੱਸਟ ਕਿਹਾ ਕਿ ਹਰ ਡਰਾਫਟ ਦੀ ਰਸੀਦ ਪ੍ਰਾਪਤਕਰਤਾਵਾਂ ਦੇ ਦਸਤਖਤਾਂ ਸਮੇਤ ਡੀਡੀਪੀਓ ਨੂੰ ਵਾਪਸ ਭੇਜੀ ਜਾਵੇ। ਸਕੂਲਾਂ ਅਤੇ ਹੋਰ ਸੰਸਥਾਵਾਂ ਨੂੰ ਦਿੱਤੇ ਡਰਾਫਟ ਦੇ ਵੇਰਵੇ ਵਿੱਚ ਭਗਵਾਨ ਵਾਲਮੀਕਿ ਭਗਵਾਨ ਡਾ: ਅੰਬੇਡਕਰ ਯੂਥ ਵੈਲਫੇਅਰ ਸੋਸਾਇਟੀ ਖੰਨਾ ਨੂੰ 10 ਲੱਖ ਰੁਪਏ, ਪਲੈਨਟ-ਈ ਸਕੂਲ ਸਮਰਾਲਾ ਰੋਡ ਖੰਨਾ ਨੂੰ 2 ਲੱਖ ਰੁਪਏ ਦਾ ਡਰਾਫਟ ਦਿੱਤਾ ਗਿਆ। ਜਦਕਿ ਸਰਪੰਚ ਗ੍ਰਾਮ ਪੰਚਾਇਤ ਰੋਹਣੋ ਕਲਾਂ ਨੂੰ 7 ਲੱਖ ਰੁਪਏ ਦਾ ਡਰਾਫਟ ਦਿੱਤਾ ਗਿਆ। ਜਿਸ ਤੋਂ ਬਾਅਦ ਸਰਕਾਰੀ ਪ੍ਰਾਇਮਰੀ ਸਕੂਲ ਭੱਟੀਆਂ ਨੂੰ 5 ਲੱਖ ਰੁਪਏ ਦਿੱਤੇ ਗਏ। ਇਸੇ ਤਰ੍ਹਾਂ ਪੰਜਾਬ ਖੱਤਰੀ ਚੇਤਨਾ ਮੰਚ ਨੂੰ 5 ਲੱਖ ਰੁਪਏ, ਸ਼੍ਰੀ ਰਾਮ ਲੀਲਾ ਕਮੇਟੀ ਖੰਨਾ ਨੂੰ 2 ਲੱਖ ਰੁਪਏ, ਆਤਮ ਮਨੋਹਰ ਜੈਨ ਸੀਨੀਅਰ ਸੈਕੰਡਰੀ ਸਕੂਲ ਖੰਨਾ ਨੂੰ 5 ਲੱਖ ਰੁਪਏ, ਏ.ਐੱਸ.ਸੀਨੀਅਰ ਸੈਕੰਡਰੀ ਸਕੂਲ ਖੰਨਾ ਨੂੰ 7 ਲੱਖ ਰੁਪਏ, ਗੁਰੂ ਰਵਿਦਾਸ ਕਲਿਆਣ ਸੰਮਤੀ ਖੰਨਾ ਨੂੰ 2 ਲੱਖ ਰੁਪਏ, ਮਹੰਤ ਗੰਗਾ ਪੁਰੀ ਬਧੀਰ ਵਿਦਿਆਲਾ ਖੰਨਾ ਨੂੰ 10 ਲੱਖ ਰੁਪਏ, ਸ੍ਰੀ ਵਿਸਵਕਰਮਾ ਏਜੁਕੇਸ਼ਨ ਵੈਲ਼ਫੇਅਰ ਸਭਾ ਨੂੰ 10 ਲੱਖ ਅਤੇ ਸਰਪੰਚ ਗ੍ਰਾਮ ਪੰਚਾਇਤ ਟੌਸਾ ਨੂੰ 4.65 ਲੱਖ ਰੁਪਏ ਦਿੱਤੇ ਗਏ।



## ਮੈਡਮ ਸੋਬੀਆ ਜਗਦੀਪ ਕੰਬੋਜ ਵੱਲੋਂ ਤੀਜੀ ਗਰੰਟੀ ਦੇ ਸੰਬੰਧ ਵਿਚ ਵੱਖ-ਵੱਖ ਪਿੰਡਾਂ ਵਿਚ ਜਨ ਸੰਵਾਦ ਮੀਟਿੰਗਾਂ

**ਜਲਾਲਾਬਾਦ/ਗੌਰਵ ਸਰਮਾ**

ਪੰਜਾਬ ਦੀ ਸਿਆਸਤ ਪਿਛਲੇ ਲੰਬੇ ਸਮੇਂ ਤੋਂ ਵਿਧਾਨ ਸਭਾ ਦੀਆਂ ਚੋਣਾਂ ਨੂੰ ਲੈ ਕੇ ਗਰਮਾਈ ਹੋਈ ਹੈ ਜਿਸ ਦੇ ਚਲਦੇ ਹਲਕਾ ਜਲਾਲਾਬਾਦ ਵਿੱਚ ਮੈਡਮ ਸੋਬੀਆ ਜਗਦੀਪ ਕੰਬੋਜ ਵੱਲੋਂ ਤੀਜੀ ਗਾਰੰਟੀ ਦੇ ਸੰਬੰਧ ਵਿਚ ਵੱਖ ਵੱਖ ਪਿੰਡ ਚੱਕ ਖੁੜੰਜ ਕਾਹਨੇ ਵਾਲਾ,ਤੇਲੂ ਪੁਰਾ , ਰੱਤਾ ਥੇੜ ਟਿੱਬਾ,ਵਿਚ ਜਨ ਸੰਵਾਦ ਮੀਟਿੰਗਾਂ ਕੀਤੀਆਂ ਗਈਆਂ ਮੈਡਮ ਸੋਬੀਆ ਜਗਦੀਪ ਕੰਬੋਜ ਨੇ ਬੋਲਦਿਆਂ ਦੱਸਿਆ ਕਿ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਜੀ ਵੱਲੋਂ ਤੀਜੀ ਗਾਰੰਟੀ ਦਿੱਤੀ ਗਈ ਹੈ ਜਿਸ ਵਿਚ ਹਰ ਮਹਿਲਾ ਨੂੰ ਪ੍ਰਤੀ ਮਹੀਨਾ ਹਜ਼ਾਰ ਰੁਪਏ ਸਨਮਾਨ ਭੱਤਾ ਦਿੱਤਾ ਜਾਵੇਗਾ ਤਿ ਦੂਜੇ ਪਾਸੇ ਆਮ ਲੋਕਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਦੇ ਲੋਕ ਇਸ ਵਾਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਾ ਕੇ ਪੰਜਾਬ ਅੰਦਰ ਬਦਲਾਅ ਲੈ ਕੇ ਆਉਣਾ ਚਾਹੁੰਦੇ ਹਨ। ਇਸ ਮੌਕੇ ਹਲਕਾ ਇੰਚਾਰਜ ਮਹਿਲਾ ਵਿੰਗ ਮੈਡਮ ਸੁਧਾ, ਬਲਾਕ ਪ੍ਰਧਾਨ ਸੁਖਮੰਦਰ ਸਿੰਘ ਬਰਾੜ, ਪਵਨ ਕਾਮਰੇਡ, ਗੁਰਪਿੰਦਰ ਸਿੰਘ,ਅਨਾਮੀਕਾ, ਸੋਨੀਆ, ਸੰਦੀਪ ਖੁਰਾਣਾ, ਬਲਵਿੰਦਰ ਨਿੱਕਾ, ਅਤੇ ਸਮੁੱਚੀ ਟੀਮ ਹਾਜਰ ਰਹੀ ।



# ਅਮਰਦੀਪ ਕਾਲਜ ਦੇ ਨਵੀ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਅੰਤਰ-ਜ਼ੋਨਲ ਯੂਥ ਫੈਸਟੀਵਲ ਵਿੱਚ ਦੂਸਰਾ ਸਥਾਨ ਹਾਸਿਲ ਕੀਤਾ



**ਸ਼ਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਮਿਤੀ 07.12.2021 ਤੋਂ 10.12.2021 ਤੱਕ ਹੋਏ ਅੰਤਰ-ਜ਼ੋਨਲ ਯੂਥ ਫੈਸਟੀਵਲ ਵਿੱਚ ਭਾਗ ਲੈਂਦੇ ਹੋਏ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ ਮੁਕੰਦਪੁਰ ਦੇ ਸੰਗੀਤ ਵਿਭਾਗ ਦੇ ਬੀ.ਏ. ਸਮੈਸਟਰ ਤੀਸਰਾ ਦੇ ਵਿਦਿਆਰਥੀ ਨਵੀ ਨੇ ਬਹੁਤ ਸਖ਼ਤ ਮੁਕਾਬਲੇ ਵਿੱਚ ਭਾਗ ਲੈਂਦਿਆਂ ਹੋਇਆ ਗੀਤ ਗਾਇਨ ਮੁਕਾਬਲੇ ਵਿੱਚ ਯੂਨੀਵਰਸਿਟੀ ਵਿਚੋਂ ਦੂਸਰਾ ਸਥਾਨ ਹਾਸਿਲ ਕੀਤਾ। ਪ੍ਰਿੰਸੀਪਲ ਡਾ. ਗੁਰਜੰਟ ਸਿੰਘ ਨੇ ਜਿੱਥੇ ਨਵੀ ਨੂੰ ਉਸ ਦੀ ਵਿਸ਼ੇਸ਼ ਪ੍ਰਾਪਤੀ ਤੇ ਸਨਮਾਨਿਤ ਕੀਤਾ ਉੱਥੇ ਉਨ੍ਹਾਂ ਨੇ ਮੁਖੀ ਸੰਗੀਤ ਵਿਭਾਗ ਅਤੇ ਕੋਆਰਡੀਨੇਟਰ ਸੱਭਿਆਚਾਰਕ ਗਤੀ-ਵਿਧੀਆਂ ਪ੍ਰੋ. ਸ਼ਮਸ਼ਾਦ ਅਲੀ, ਤਬਲਾ ਇੰਸਟ੍ਰੱਕਟਰ ਸ੍ਰੀ ਕੇਵਲ ਕ੍ਰਿਸ਼ਨ ਨੂੰ ਵੀ ਮੁਬਾਰਕਬਾਦ ਦਿੱਤੀ ਅਤੇ ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਹੋਰ ਵਿਦਿਆਰਥੀ ਵੀ ਯੂਨੀਵਰਸਿਟੀ ਯੂਥ ਫੈਸਟੀਵਲ ਵਿੱਚ ਭਰਪੂਰ ਸ਼ਮੂਲੀਅਤ ਕਰਨਗੇ ਅਤੇ ਢੇਰ ਸਾਰੀਆਂ ਪ੍ਰਾਪਤੀਆਂ ਕਰਨਗੇ।

# ਸ਼੍ਰੀ ਗੁਰੂ ਰਾਮਦਾਸ ਸੇਵਾ ਸੁਸਾਇਟੀ ਨਵਾਂਸ਼ਹਿਰ ਦਾ ਜੱਥਾ ਗੁਰਦੁਆਰਾ ਸ਼੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਦਰਸ਼ਨਾ ਲਈ ਹੋਇਆ ਰਵਾਨਾ



**ਸ਼ਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਸ਼੍ਰੀ ਗੁਰੂ ਰਾਮਦਾਸ ਸੇਵਾ ਸੁਸਾਇਟੀ ਨਵਾਂਸ਼ਹਿਰ ਦਾ ਜੱਥਾ ਪ੍ਰਧਾਨ ਸ ਸੁਖਵਿੰਦਰ ਸਿੰਘ ਥਾਂਦੀ ਦੀ ਅਗਵਾਈ ਹੇਠ ਗੁਰਦੁਆਰਾ ਸ਼੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਦਰਸ਼ਨਾ ਲਈ ਹੋਇਆ ਰਵਾਨਾ ।ਜਾਣਕਾਰੀ ਦਿੰਦਿਆਂ ਪ੍ਰਧਾਨ ਸੁਖਵਿੰਦਰ ਸਿੰਘ ਥਾਂਦੀ ਮੈਂ ਕਿਹਾ ਹੈ ਪਾਕਿਸਤਾਨ ਲਾਘਾ ਖੁੱਲਣ ਦੀ ਸਭ ਨੂੰ ਲੱਖ ਲੱਖ ਵਧਾਈ । ਅੱਜ ਸੁਸਾਇਟੀ ਦੇ 30 ਮੈਂਬਰਾਂ ਦਾ ਵਫਦ ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਦਰਸ਼ਨਾ ਲਈ ਰਵਾਨਾ ਹੋਇਆ ।ਸ੍ਰੀ ਗੁਰੂ ਰਾਮਦਾਸ ਸੇਵਾ ਸੁਸਾਇਟੀ ਨਵਾਂਸ਼ਹਿਰ ਵੱਲੋਂ ਕਰਤਾਰਪੁਰ ਸਾਹਿਬ ਜਾਣ ਲਈ ਰਜਿਸਟਰੇਸ਼ਨ ਦੀ ਸੇਵਾ ਕੀਤੀ ਜਾ ਰਹੀ ਹੈ ਜਿਸਨੇ ਵੀ ਜਾਣਾ ਹੋਵੇ ਉਹ ਸੁਸਾਇਟੀ ਮੈਂਬਰਾਂ ਨਾਲ ਸੰਪਰਕ ਕਰ ਸਕਦਾ ਹੈ ।ਰਜਿਸਟਰੇਸ਼ਨ ਕਰਵਾਉਣ ਲਈ ਪਾਸਪੋਰਟ, ਆਧਾਰ ਕਾਰਡ ਦੀ ਕਾਪੀ ਅਤੇ ਇੱਕ ਫੋਟੋ ਦੀ ਜਰੂਰਤ ਹੈ। ਸੁਸਾਇਟੀ ਵੱਲੋਂ 21 ਦਸੰਬਰ 28 ਦਸੰਬਰ 4 ਜਨਵਰੀ 11 ਜਨਵਰੀ 14 ਜਨਵਰੀ 25 ਜਨਵਰੀ ਨੂੰ ਜੱਥੇ ਰਵਾਨਾ ਕੀਤੇ ਜਾਣਗੇ ।ਸੁਸਾਇਟੀ ਵੱਲੋਂ ਰਜਿਸਟਰੇਸ਼ਨ ਦੀ ਸੇਵਾ ਬਿੱਲਕੁੱਲ ਮੁਫਤ ਕੀਤੀ ਜਾ ਰਹੀ ਹੈ ਰਜਿਸਟਰੇਸ਼ਨ ਲਈ ਸੁਸਾਇਟੀ ਤਿੰਨ ਸੈਂਟਰਾਂ ਬਣਾਏ ਗਏ ਹਨ। ਇਸ ਮੌਕੇ ਸ ਸੁਖਵਿੰਦਰ ਸਿੰਘ ਥਾਂਦੀ, ਅਮਰਜੀਤ ਸਿੰਘ ਖਾਲਸਾ, ਕੁਲਵਿੰਦਰ ਸਿੰਘ, ਹਰਜੀਤ ਸਿੰਘ ਗੁਰਦੀਪ ਸਿੰਘ, ਸੋਹਣ ਸਿੰਘ, ਪਰਮਜੀਤ ਸਿੰਘ, ਡਾ ਨਿਰਮਲ ਸਿੰਘ, ਗੁਰਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਰਾਜਵਿੰਦਰ ਕੌਰ ਅਤੇ ਹਰਲੀਨ ਕੌਰ ਹਾਜਰ ਸਨ।



# ਖਾਲਸਾ ਕਾਲਜ਼(ਲੜਕੀਆਂ) ਵੱਲੋਂ ਡੀ.ਬੀ.ਈ.ਈ. ਦੇ ਸਹਿਯੋਗ ਨਾਲ ਪਲੇਸਮੈਂਟ ਤਿਆਰੀ ਸੈਸ਼ਨ ਆਯੋਜਿਤ

**ਲੁਧਿਆਣਾ/ਕਰਨ ਅਗਰਵਾਲ, ਸੁਖਚੈਨ ਮਹਿਰਾ**

ਖ਼ਾਲਸਾ ਕਾਲਜ (ਲੜਕੀਆਂ) ਲੁਧਿਆਣਾ ਦੇ ਪਲੇਸਮੈਂਟ ਸੈੱਲ ਵੱਲੋਂ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ (ਡੀ.ਬੀ.ਈ.ਈ.) ਲੁਧਿਆਣਾ ਦੇ ਸਹਿਯੋਗ ਨਾਲ 'ਪਲੇਸਮੈਂਟ ਸੈਸ਼ਨ ਲਈ ਵਧੀਆ ਰਣਨੀਤੀ ਤੇ ਆਪਣੇ ਆਪ ਨੂੰ ਕਿਵੇਂ ਤਿਆਰ ਕਰੀਏ?' ਵਿਸ਼ੇ ਅਧੀਨ ਪਲੇਸਮੈਂਟ ਤਿਆਰੀ ਸੈਸ਼ਨ ਦਾ ਆਯੋਜਨ ਕੀਤਾ। ਇਸ ਮੌਕੇ ਡੀ.ਬੀ.ਈ.ਈ. ਦੇ ਸੀ.ਈ.ਓ. ਸ੍ਰੀ ਨਵਦੀਪ ਸਿੰਘ, ਕੈਰੀਅਰ ਕੌਂਸਲਰ ਡਾ. ਨਿਧੀ ਸਿੰਘੀ ਵੱਲੋਂ ਆਪਣੀ ਹਾਜਰੀ ਤੇ ਪੇਸ਼ਕਾਰੀ ਨਾਲ ਸਮਾਗਮ ਦੀ ਸੋਭਾ ਵਧਾਈ।

ਵਿਦਿਆਰਥੀਆਂ ਨੂੰ ਆਗਾਮੀ ਸਰਕਾਰੀ ਪ੍ਰਤੀਯੋਗੀ ਪ੍ਰੀਖਿਆਵਾਂ, ਉਨ੍ਹਾਂ ਦੀ ਤਿਆਰੀ ਲਈ ਰਣਨੀਤੀਆਂ ਦੇ ਨਾਲ-ਨਾਲ ਸੁਝਾਵਾਂ, ਇੰਟਰਵਿਊ ਤੋਂ ਪਹਿਲਾਂ ਅਤੇ ਬਾਅਦ ਵਿਚ ਸੰਸ਼ੋਧਨ ਯੋਜਨਾਵਾਂ, ਸਫਲਤਾ ਲਈ ਪੰਜ ਨੁਕਤੇ ਭਾਵ ਸਮੇਂ ਦੀ ਪਾਬੰਦਤਾ, ਪੇਸ਼ਕਾਰੀ, ਮੁਦਰਾ, ਸ਼ਿਸ਼ਟਾਚਾਰ ਅਤੇ ਤਿਆਰੀ ਬਾਰੇ ਸੰਬੋਧਨ ਕਰਦਿਆਂ, ਉਨ੍ਹਾਂ ਆਪਣੇ ਨਿੱਜੀ ਅਨੁਭਵ, ਸੰਘਰਸ਼ ਦੁਆਰਾ ਆਪਣੇ-ਆਪਣੇ ਕੈਰੀਅਰ ਵਿੱਚ ਇਨ੍ਹਾਂ ਉਚਾਈਆਂ ਤੱਕ ਪਹੁੰਚਣ ਲਈ ਲਏ ਗਏ ਫੈਸਲਿਆਂ ਨੂੰ ਸਾਂਝਾ ਕੀਤਾ।ਉਨ੍ਹਾਂ ਹੁਨਰ ਵਿਕਾਸ ਕੋਰਸਾਂ ਅਤੇ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਪੋਰਟਲ ਅਤੇ ਰਾਜ ਸਰਕਾਰ ਦੁਆਰਾ ਮੁਫਤ ਸ਼ੁਰੂ ਕੀਤੇ ਗਏ ਕੋਰਸਾਂ 'ਤੇ ਵੀ ਜ਼ੋਰ ਦਿੱਤਾ। ਡੀ.ਬੀ.ਈ.ਈ.ਲੁਧਿਆਣਾ ਵੱਲੋਂ ਨੌਜਵਾਨਾਂ ਨੂੰ ਜ਼ਿਲ੍ਹਾ ਲੁਧਿਆਣਾ ਨਾਲ ਜੋੜਨ ਲਈ ਆਪਣਾ ਟੈਲੀਗ੍ਰਾਮ ਚੈਨਲ ਵੀ ਲਾਂਚ ਕੀਤਾ ਹੈ, ਇਹ ਪਾਇਲਟ ਰਨ ਇਹਨਾਂ ਕਾਲਜਾਂ ਦੇ ਵਿਦਿਆਰਥੀਆਂ ਨੂੰ ਸਾਂਝਾ ਕੀਤਾ ਜਾਂਦਾ ਹੈ, ਜਦੋਂ ਸਭ ਕੁਝ ਅੱਪ ਟੂ ਡੇਟ ਹੋ ਜਾਵੇਗਾ, ਤਾਂ ਇਹ ਸਾਰੇ ਉਮੀਦਵਾਰਾਂ ਅਤੇ ਕਾਲਜਾਂ ਲਈ ਵੀ ਲਾਂਚ ਕਰ ਦਿੱਤਾ ਜਾਵੇਗਾ।

ਵੱਖ-ਵੱਖ ਸਟਰੀਮ ਦੇ ਅਖੀਰਲੇ ਵਰ੍ਹੇ ਦੇ ਵਿਦਿਆਰਥੀਆਂ ਵੱਲੋਂ ਸੈਸ਼ਨ ਦੌਰਾਨ ਕਾਫੀ ਮਹੱਤਵਪੂਰਨ ਤੇ ਵਿਲੱਖਣ ਜਾਣਕਾਰੀ ਹਾਸਲ ਕੀਤੀ।ਪਲੇਸਮੈਂਟ ਕੋਆਰਡੀਨੇਟਰ ਡਾ. ਪ੍ਰਿਯਕਾ ਖੰਨਾ ਨੇ ਵਿਦਿਆਰਥੀਆਂ ਦੇ ਹਿੱਤ ਲਈ ਆਪਣਾ ਕੀਮਤੀ ਸਮਾਂ ਕੱਢਣ ਲਈ ਮਹਿਮਾਨਾਂ ਦਾ ਧੰਨਵਾਦ ਕੀਤਾ। ਡਾ.(ਸ਼੍ਰੀਮਤੀ) ਮੁਕਤੀ ਗਿੱਲ ਨੇ ਅਜਿਹੇ ਵਡਮੁੱਲੇ ਸੈਸ਼ਨ ਦੇ ਆਯੋਜਨ ਲਈ ਪਲੇਸਮੈਂਟ ਸੈੱਲ ਦੇ ਯਤਨਾਂ ਦੀ ਸ਼ਲਾਘਾ ਕੀਤੀ।

# ਡਾ. ਐਚ. ਕੇ. ਵਰਮਾ ਖ਼ਾਲਸਾ ਕਾਲਜ ਵੈਟਰਨਰੀ ਦੇ ਪ੍ਰਿੰਸੀਪਲ ਨਿਯੁਕਤ

## ਛੀਨਾ ਦੀ ਅਗਵਾਈ ਹੇਠ ਡਾ. ਵਰਮਾ ਨੂੰ ਸੰਭਾਲਿਆ ਅਹੁੱਦਾ

**ਅੰਮ੍ਰਿਤਸਰ/ਲੋਕ ਬਾਣੀ**



ਖਾਲਸਾ ਕਾਲਜ ਗਵਰਨਿੰਗ ਕੌਂਸਲ ਨੇ ਅੱਜ ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਦੇ ਪ੍ਰਸਿੱਧ ਵੈਟਰਨਰੀ ਅਕੈਡੀਮੀਸ਼ੀਅਨ ਅਤੇ ਸੇਵਾਮੁਕਤ ਡਾਇਰੈਕਟਰ, ਪਸਾਰ ਸਿੱਖਿਆ ਡਾ. ਹਰੀਸ਼ ਕੁਮਾਰ ਵਰਮਾ ਨੂੰ ਖਾਲਸਾ ਕਾਲਜ ਆਫ ਵੈਟਰਨਰੀ ਐਂਡ ਐਨੀਮਲ ਸਾਇੰਸਜ਼ (ਕੇ. ਸੀ. ਵੀ. ਏ. ਐਸ.) ਦਾ ਨਵਾਂ ਪ੍ਰਿੰਸੀਪਲ ਥਾਪਿਆ। ਉਨ੍ਹਾਂ ਨੇ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਦੀ ਅਗਵਾਈ ਹੇਠ ਪ੍ਰਿੰਸੀਪਲ ਦਾ ਅਹੁੱਦਾ ਸੰਭਾਲਿਆ।ਇਸ ਮੌਕੇ ਉਨ੍ਹਾਂ ਨਾਲ ਕੌਂਸਲ ਦੇ ਵਿੱਤ ਸਕੱਤਰ ਗੁਨਬੀਰ ਸਿੰਘ, ਕਾਨੂੰਨੀ ਸਕੱਤਰ ਅਜਮੇਰ ਸਿੰਘ ਹੇਰ, ਸਰਦੂਲ ਸਿੰਘ ਮੰਨਣ ਅਤੇ ਹੋਰ ਉੱਚ ਅਧਿਕਾਰੀਆਂ ਦਫ਼ਤਰ 'ਚ ਸ਼ਾਮਿਲ ਸਨ। ਇਸ ਮੌਕੇ ਸ: ਛੀਨਾ ਨੇ ਡਾ. ਵਰਮਾ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਮੌਜੂਦਾ ਅਹੁਦਾ ਸੰਭਾਲਣ ਵਾਲੇ ਡਾ. ਐਸ. ਕੇ. ਨਾਗਪਾਲ ਜੋ ਕਿ ਸੇਵਾਮੁਕਤ ਹੋ ਗਏ ਹਨ, ਕਾਲਜ ਦੇ ਮੈਨੇਜਿੰਗ ਡਾਇਰੈਕਟਰ ਵਜੋਂ ਕੰਮ ਕਰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਨਜ਼ਦੀਕੀ ਇਲਾਕੇ 'ਚ ਕੇ. ਸੀ. ਵੀ. ਏ. ਐਸ. ਇਕੋ ਇਕ ਕਾਲਜ ਹੈ ਜੋ ਸਫਲਤਾਪੂਰਵਕ ਚੱਲ ਰਿਹਾ ਹੈ ਅਤੇ ਸੰਸਥਾ ਡਾ. ਵਰਮਾ ਦੇ ਵਿਸ਼ਾਲ ਤਜ਼ਰਬੇ ਤੋਂ ਲਾਭ ਉਠਾਏਗੀ।

ਪੀ. ਏ. ਯੂ. ਤੋਂ ਪੀ. ਐਚ. ਡੀ. ਪ੍ਰਾਪਤ ਡਾ. ਵਰਮਾ ਨੇ ਵੈਟਰਨਰੀ ਸਿੱਖਿਆ ਦੇ ਵਿਭਿੰਨ ਖੇਤਰ 'ਚ 36 ਕਿਤਾਬਾਂ ਅਤੇ ਲਗਭਗ 140 ਖੋਜ ਪੱਤਰ ਲਿਖੇ ਹਨ। ਉਨ੍ਹਾਂ ਕੋਲ ਅਧਿਆਪਨ ਦਾ 35 ਸਾਲਾਂ ਤੋਂ ਵਧੇਰੇ ਦਾ ਤਜਰਬਾ ਹੈ ਅਤੇ ਉਨ੍ਹਾਂ ਕਈ ਪੁਰਸਕਾਰ ਅਤੇ ਪ੍ਰਸ਼ੰਸਾ ਪੱਤਰ ਤੋਂ ਇਲਾਵਾ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੀਆਂ ਕਾਨਫਰੰਸਾਂ 'ਚ ਭਾਗ ਲਿਆ ਹੈ। ਡਾ. ਵਰਮਾ ਨੇ ਕਿਹਾ ਕਿ ਉਨ੍ਹਾਂ ਨੂੰ ਕਾਲਜ ਦੀ ਸੇਵਾ ਕਰਕੇ ਬਹੁਤ ਖੁਸ਼ੀ ਹੋ ਰਹੀ ਹੈ ਜਿਸ ਨੇ ਥੋੜ੍ਹੇ ਸਮੇਂ 'ਚ ਵੈਟਰਨਰੀ ਸਾਇੰਸਜ਼ 'ਚ ਆਪਣਾ ਅਹਿਮ ਨਾਮ ਬਣਾਇਆ ਹੈ ਅਤੇ ਅਸੀਂ ਸੰਸਥਾ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਲਈ ਇਕ ਟੀਮ ਵਜੋਂ ਕੰਮ ਕਰਾਂਗੇ। ਉਨ੍ਹਾਂ ਕਿਹਾ ਕਿ ਅਕਾਦਮਿਕ ਅਤੇ ਖੋਜ ਉਨ੍ਹਾਂ ਦੀ ਮੁੱਖ ਤਰਜੀਹ ਹੋਵੇਗੀ। ਜਿਵੇਂ ਕਿ ਸ: ਛੀਨਾ ਨੇ ਉਨ੍ਹਾਂ ਨੂੰ ਕਾਲਜ ਦੀ ਤਰੱਕੀ ਲਈ ਆਪਣੀ ਪੂਰੀ ਸੇਵਾਵਾਂ ਸਮਰਪਿਤ ਕਰਨ ਲਈ ਕਿਹਾ। ਇਸ ਮੌਕੇ ਐਮ.ਡੀ.ਡਾ.ਐਸ.ਕੇ.ਨਾਗਪਾਲ, ਖ਼ਾਲਸਾ ਕਾਲਜ ਆਫ਼ ਲਾਅ ਦੇ ਪ੍ਰਿੰਸੀਪਲ ਡਾ.ਜਸਪਾਲ ਸਿੰਘ ਆਦਿ ਤੋਂ ਇਲਾਵਾ ਸਮੂਹ ਕਾਲਜ ਸਟਾਫ਼ ਹਾਜ਼ਰ ਸੀ।

# ਸੜਕ ਪਾਰ ਕਰ ਰਹੇ ਐਚ.ਆਰ.ਟੀ.ਸੀ ਮੁਲਾਜਮ ਦੀ ਬਾਈਕ ਨਾਲ ਹੋਈ ਟੱਕਰ

**ਪਠਾਨਕੋਟ/ਰਜਨੀਸ਼ ਕਾਲੂ :** ਪਠਾਨਕੋਟ ਦੇ ਰੇਲਵੇ ਰੋਡ ਤੇ ਵਾਪਰੇ ਇੱਕ ਹਾਦਸੇ ਵਿੱਚ ਦੋ ਵਿਅਕਤੀ ਜਖਮੀ ਹੋ ਗਏ। ਲੋਕਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇੱਕ ਕਾਲੇ ਰੰਗ ਦੀ ਕਰਿਜਮਾ ਬਾਈਕ ਨੰਬਰ ਪੀ.ਬੀ.35-ਕੇ-2662, ਜੋ ਕਿ ਬੱਸ ਸਟੈਂਡ ਤੋਂ ਗਾੜੀ ਆਹਤਾ ਚੋਂਕ ਵੱਲ ਆ ਰਹੀ ਸੀ, ਜਿਵੇਂ ਹੀ ਬਾਈਕ ਰੇਲਵੇ ਫਾਟਕ ਦੇ ਨਜਦੀਕ ਪਹੁੰਚੀ ਤਾਂ ਇੱਕ ਐਚ.ਆਰ.ਟੀ.ਸੀ. ਮੁਲਾਜ਼ਮ ਸੜਕ ਪਾਰ ਕਰਦੇ ਹੋਏ ਬਾਈਕ ਨਾਲ ਟਕਰਾ ਗਿਆ , ਜਿਸ ਕਾਰਨ ਬਾਈਕ ਚਾਲਕ ਦਾ ਸੰਤੁਲਨ ਵਿਗੜ ਗਿਆ ਅਤੇ ਬਾਈਕ ਡਿਵਾਈਡਰ ਨਾਲ ਜਾ ਟਕਰਾਈ । ਇਸ ਹਾਦਸੇ 'ਚ ਦੋਵੇਂ ਵਿਅਕਤੀ ਜਖਮੀ ਹੋ ਗਏ। ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਡਵੀਜਨ ਨੰਬਰ ਇਕ ਦੀ ਪੁਲਿਸ ਮੌਕੇ 'ਤੇ ਪਹੁੰਚ ਗਈ ਅਤੇ ਦੋਵਾਂ ਜਖਮੀਆਂ ਨੂੰ 108 ਐਂਬੂਲੈਂਸ ਦੀ ਮਦਦ ਨਾਲ ਇਲਾਜ ਲਈ ਸਿਵਲ ਹਸਪਤਾਲ ਦਾਖਲ ਕਰਵਾਇਆ।





ਜਖਮੀ ਬਾਈਕ ਚਾਲਕ ਦੀ ਪਛਾਣ ਹਰਸਦੀਪ ਸਿੰਘ ਪੁੱਤਰ ਬੁੱਧੀਆ ਸਿੰਘ ਵਾਸੀ ਬੂੰਗਲ ਅਤੇ ਐਚਆਰਟੀਸੀ ਮੁਲਾਜਮ ਦੀ ਪਹਿਚਾਣ ਮੁਹੰਮਦ ਤਾਰਿਕ ਵਾਸੀ ਹਿਮਾਚਲ ਪ੍ਰਦੇਸ ਵਜੋਂ ਹੋਈ ਹੈ। ਥਾਣਾ ਡਿਵੀਜਨ ਨੰਬਰ 1 ਦੇ ਐਸਐਚਓ ਪ੍ਰਮੋਦ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੇ ਮੋਟਰਸਾਈਕਲ ਨੂੰ ਆਪਣੇ ਕਬਜੇ ਵਿੱਚ ਲੈ ਕੇ ਅਗਲੇਰੀ ਕਾਰਵਾਈ ਸੁਰੂ ਕਰ ਦਿੱਤੀ ਹੈ।

ਦੇਸ਼-ਵਿਦੇਸ਼ ਤੋਂ ਅਖ਼ਬਾਰ ਨੂੰ ਪੱਤਰਕਾਰ, ਲੇਖਕਾਂ ਦੀ ਲੋੜ ਹੈ ਚਾਹਵਾਨ ਸੰਪਰਕ ਕਰਨ ਪਤਾ-ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 0181-2211009, 99155-94111

